# ਸੰਥਿਆ ਸ੍ਰੀ ਜਪੁ ਜੀ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ<br>ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ | | ੧. ਇਹ "ਜਪੁ" ਬਾਣੀ ਦੇ ਆਦਿ ਵਿਚ, ਰਵਾਇਤ ਅਨੁਸਾਰ, ਸਤਿਗੁਰਾਂ ਵਲੋਂ ਪਰਮਾਤਮਾ ਦਾ ਮੰਗਲਾਚਰਨ ਹੈ।<br>੨."ਗੁਰਪ੍ਰਸਾਦਿ" ਤੋਂ ਬਾਅਦ ਲਗੀਆਂ ਡੰਡੀਆਂ ਇਹ ਸਾਬਤ ਕਰਦੀਆਂ ਹਨ ਕਿ ਇਸ ਮੰਗਲਾਚਰਨ ਦੀ ਸਮਾਪਤੀ ਇਥੇ ਹੀ ਹੋ ਜਾਂਦੀ ਹੈ ਨਾ ਕਿ "ਹੋਸੀ ਭੀ ਸਚੁ" ਤੇ।<br>੩. "ਪ੍ਰਸਾਦਿ" ਦਾ ਉਚਾਰਨ "ਪ੍ਰਸ਼ਾਦਿ" ਅਤੇ "ਸੈਭੰ" ਦਾ ਉਚਾਰਨ "ਸੈਭੰਗ" ਕਰਨਾ ਠੀਕ ਨਹੀਂ ਹੈ। |
| ॥ ਜਪੁ ॥ | | ਜਪੁ ਬਾਣੀ ਦਾ ਨਾਮ ਹੈ। |
| ਆਦਿ ਸਚੁ, ਜੁਗਾਦਿ ਸਚੁ ॥ | | ਇਹ ਸ੍ਰੀ ਜਪੁ ਜੀ ਸਾਹਿਬ ਦੇ ਆਦਿ ਦਾ ਸਲੋਕ ਹੈ। ਇਕ ਸਲੋਕ ਇਸ ਬਾਣੀ ਦੇ ਅਖੀਰ ਵਿਚ ਹੈ ਤੇ ਇਹਨਾਂ ਦੋ ਸਲੋਕਾਂ ਦੇ ਵਿਚਾਲੇ ੩੮ ਪਉੜੀਆਂ ਹਨ। |
| ਹੈ ਭੀ ਸਚੁ, ਨਾਨਕ, ਹੋਸੀ ਭੀ ਸਚੁ ॥੧॥ | | |
| ਸੋਚੈ, ਸੋਚਿ ਨ ਹੋਵਈ, ਜੇ ਸੋਚੀ ਲਖ ਵਾਰ ॥ | | "ਸੋਚੀ" ਦੇ ਅਖੀਰ ਵਿਚ ਨਾਸਕੀ ਉਚਾਰਨ ਨਹੀਂ ਕਿਉਂਕਿ ਇਹ ਉਤਮ ਪੁਰਖੀ ਕਿਰਿਆ ਨਹੀਂ ਹੈ। |
| ਚੁਪੈ, ਚੁਪ ਨ ਹੋਵਈ, ਜੇ ਲਾਇ ਰਹਾ ਲਿਵ ਤਾਰ ॥ | | "ਰਹਾ" ਦੇ ਅਖੀਰ ਵਿਚ ਨਾਸਕੀ ਉਚਾਰਨ ਨਹੀਂ ਕਿਉਂਕਿ ਇਹ ਉਤਮ ਪੁਰਖੀ ਕਿਰਿਆ ਨਹੀਂ ਹੈ। |
| ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ ॥ | ਭੁਖਿਆਂ, ਪੁਰੀਆਂ | ਭੁਖਿਆ ਭੁਖ - ਭੁਖਿਆਂ ਦੀ ਭੁਖ ਨਹੀਂ ਉਤਰਦੀ ਭਾਂਵੇਂ ਉਹ ਕਿਨੀਆਂ ਵੀ ਪੁਰੀਆਂ ਦੇ ਪਦਾਰਥਾਂ ਦੇ ਭਾਰ ਬੰਨ ਲੈਣ। |
| ਸਹਸ ਸਿਆਣਪਾ ਲਖ ਹੋਹਿ, ਤ ਇਕ ਨ ਚਲੈ ਨਾਲਿ ॥ | ਸਿਆਣਪਾਂ, ਹੋਹਿਂ | |
| ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥ | | |
| ਹੁਕਮਿ ਰਜਾਈ ਚਲਣਾ, ਨਾਨਕ, ਲਿਖਿਆ ਨਾਲਿ ॥੧॥ | ਰਜ਼ਾਈ | ਰਜ਼ਾਈ ਦਾ ਭਾਵ ਹੈ ਰਜ਼ਾ ਵਾਲਾ ਵਾਹਿਗੁਰੂ। ਹੁਕਮਿ ਰਜ਼ਾਈ ਚਲਣਾ ਦਾ ਭਾਵ ਹੈ ਰਜ਼ਾਈ ਦੇ ਹੁਕਮ ਵਿਚ ਚਲਣਾ। |
| ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ ॥ | | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ ॥ | | |
| ਹੁਕਮੀ ਉਤਮੁ ਨੀਚੁ, ਹੁਕਮਿ ਲਿਖਿ, ਦੁਖ ਸੁਖ ਪਾਈਅਹਿ ॥ | ਪਾਈਅਹਿਂ | ਪਾਈਅਹਿ = ਪਾਉਂਦੇ ਹਨ। |
| ਇਕਨਾ ਹੁਕਮੀ ਬਖਸੀਸ, ਇਕਿ ਹੁਕਮੀ ਸਦਾ ਭਵਾਈਅਹਿ ॥ | ਇਕਨਾਂ,<br>ਬਖ਼ਸ਼ੀਸ਼,<br>ਭਵਾਈਅਹਿਂ | ਭਵਾਈਅਹਿ = ਭਵਾਉਂਦੇ ਹਨ। |
| ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ ॥ | | |
| ਨਾਨਕ, ਹੁਕਮੈ ਜੇ ਬੁਝੈ; ਤ ਹਉਮੈ ਕਹੈ ਨ ਕੋਇ ॥੨॥ | | |
| ਗਾਵੈ ਕੋ, ਤਾਣੁ; ਹੋਵੈ ਕਿਸੈ ਤਾਣੁ ॥ | | ਇਸ ਸਾਰੀ ਪਉੜੀ ਵਿਚ ਬਿਸ਼ਰਾਮ "ਕੋ" ਤੋਂ ਬਾਅਦ ਹੈ। "ਕੋ" ਦਾ ਭਾਵ ਹੈ "ਕੋਈ"। |
| ਗਾਵੈ ਕੋ, ਦਾਤਿ ਜਾਣੈ ਨੀਸਾਣੁ ॥ | ਨੀਸ਼ਾਣੁ, | |
| ਗਾਵੈ ਕੋ, ਗੁਣ ਵਡਿਆਈਆ ਚਾਰ ॥ | ਵਡਿਆਈਆਂ | |
| ਗਾਵੈ ਕੋ, ਵਿਦਿਆ ਵਿਖਮੁ ਵੀਚਾਰੁ ॥ | | |
| ਗਾਵੈ ਕੋ, ਸਾਜਿ ਕਰੇ ਤਨੁ ਖੇਹ ॥ | | |
| ਗਾਵੈ ਕੋ, ਜੀਅ ਲੈ ਫਿਰਿ ਦੇਹ ॥ | | |
| ਗਾਵੈ ਕੋ, ਜਾਪੈ ਦਿਸੈ ਦੂਰਿ ॥ | | |
| ਗਾਵੈ ਕੋ, ਵੇਖੈ ਹਾਦਰਾ ਹਦੂਰਿ ॥ | | |
| ਕਥਨਾ ਕਥੀ, ਨ ਆਵੈ ਤੋਟਿ ॥ | | "ਕਥਨਾ" ਦਾ ਭਾਵ ਹੈ ਕਥਾ ਤੇ "ਕਥੀ" ਕਿਰਿਆ ਹੈ। ਪੰਕਤੀ ਦਾ ਭਾਵ ਹੈ - ਕਥਨਾ ਕਥੀ (ਹੈ ਕਈਆਂ ਨੇ) ਪਰ ਇਸ ਕਥਾ ਦੀ ਤੋਟਿ ਨਹੀਂ ਆਉਂਦੀ ਭਾਵ ਕਥਾ ਇਤਨੀ ਜ਼ਿਆਦਾ ਹੈ ਕਿ ਕੱਥ ਨਹੀਂ ਹੁੰਦੀ। |
| ਕਥਿ ਕਥਿ ਕਥੀ ਕੋਟੀ, ਕੋਟਿ ਕੋਟਿ ॥ | ਕੋਟੀਂ | ਕੋਟਾਂ ਨੇ ਕੋਟਿ ਕੋਟਿ ਵਾਰ (ਪਰਮਾਤਮਾ ਦੀ ਕਥਨੀ) ਕੱਥ ਕੱਥ ਕੇ ਕਥੀ ਹੈ। ਬਿਸ਼ਰਾਮ "ਕੋਟੀ" ਤੋਂ ਬਾਅਦ ਹੈ ਨਾ ਕਿ "ਕਥੀ" ਤੋਂ ਬਾਅਦ। |
| ਦੇਦਾ ਦੇ, ਲੈਦੇ ਥਕਿ ਪਾਹਿ ॥ | ਦੇਂਦਾ, ਲੈਂਦੇ, ਪਾਹਿਂ | ਦੇਦਾ - ਦੇਣਵਾਲ, ਲੈਦੇ - ਲੈਣਵਾਲੇ। |
| ਜੁਗਾ ਜੁਗੰਤਰਿ, ਖਾਹੀ ਖਾਹਿ ॥ | ਜੁਗਾਂ, ਖਾਹਿਂ | ਖਾਹੀ" ਦਾ ਉਚਾਰਨ "ਖਾਹੀਂ" ਕਰਨਾ ਠੀਕ  ਨਹੀਂ ਹੈ। |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਹੁਕਮੀ ਹੁਕਮੁ ਚਲਾਏ ਰਾਹੁ ॥ | | ਵਿਆਕਰਣ ਮੁਤਾਬਕ ਇਸ ਪੰਕਤੀ ਦਾ ਅਰਥ ਹੈ ਹੁਕਮੀ ਦਾ ਹੁਕਮ ਰਾਹ ਚਲਾਉਂਦਾ ਹੈ। ਇਹ ਅਰਥ ਠੀਕ ਨਹੀਂ ਕਿ - ਹੁਕਮੀ, ਆਪਣੇ ਹੁਕਮ ਰਾਹੀਂ ਰਾਹ ਚਲਾਉਂਦਾ ਹੈ ਕਿਉਂਕਿ "ਹੁਕਮੁ" ਦੇ ਅਖੀਰ ਵਿਚ ਔਂਕੜ ਲਗਿਆ ਹੋਣ ਕਰਕੇ ਇਸ ਵਿਚੋਂ ਸੰਬੰਧਕ ਨਹੀਂ ਨਿਕਲ ਸਕਦਾ। |
| ਨਾਨਕ, ਵਿਗਸੈ ਵੇਪਰਵਾਹੁ ॥੩॥ | | |
| ਸਾਚਾ ਸਾਹਿਬੁ, ਸਾਚੁ ਨਾਇ, ਭਾਖਿਆ ਭਾਉ ਅਪਾਰੁ ॥ | ਨਾਂਇਂ | |
| ਆਖਹਿ ਮੰਗਹਿ ਦੇਹਿ ਦੇਹਿ, ਦਾਤਿ ਕਰੇ ਦਾਤਾਰੁ ॥ | ਆਖਹਿਂ, ਮੰਗਹਿਂ | |
| ਫੇਰਿ, ਕਿ ਅਗੈ ਰਖੀਐ, ਜਿਤੁ ਦਿਸੈ ਦਰਬਾਰੁ ॥ | | |
| ਮੁਹੌ, ਕਿ ਬੋਲਣੁ ਬੋਲੀਐ, ਜਿਤੁ ਸੁਣਿ ਧਰੇ ਪਿਆਰੁ ॥ | ਮੁਹੋਂ | ਭਾਈ ਤਲਵਾੜਾ ਜੀ ਮੁਤਾਬਕ, ਪੁਰਾਤਨ ਸਰੂਪਾਂ ਵਿਚ "ਮੁਹੌ" ਅਸਲ ਵਿਚ "ਮੁਹੋਂ" ਸੀ ਤੇ ਬਿੰਦੀ ਅੰਦਰਲੇ ਪਾਸੇ ਹੋਣ ਕਰਕੇ, ਹੋੜਾ-ਬਿੰਦੀ ਦਾ ਗਲਤੀ ਨਾਲ ਕਨੌੜਾ ਬਣ ਗਿਆ। |
| ਅੰਮ੍ਰਿਤ ਵੇਲਾ, ਸਚੁ ਨਾਉ, ਵਡਿਆਈ ਵੀਚਾਰੁ ॥ | ਨਾਂਉ | |
| ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰੁ ॥ | | ਉਹਦੇ ਕਰਮ (ਮਿਹਰ) ਕਰਕੇ ਪਤਿ ਦਾ ਕਪੜਾ ਮਿਲਦਾ ਹੈ ਤੇ ਤੇ ਉਹਦੀ ਨਦਰਿ ਕਰਕੇ ਮੋਖ ਦੁਆਰਾ ਮਿਲਦਾ ਹੈ। |
| ਨਾਨਕ, ਏਵੈ ਜਾਣੀਐ, ਸਭੁ ਆਪੇ ਸਚਿਆਰੁ ॥੪॥ | ਏਵੈਂ | |
| ਥਾਪਿਆ ਨ ਜਾਇ, ਕੀਤਾ ਨ ਹੋਇ ॥ | | |
| ਆਪੇ ਆਪਿ, ਨਿਰੰਜਨੁ ਸੋਇ ॥ | | |
| ਜਿਨਿ ਸੇਵਿਆ, ਤਿਨਿ ਪਾਇਆ ਮਾਨੁ ॥ | | |
| ਨਾਨਕ, ਗਾਵੀਐ ਗੁਣੀ ਨਿਧਾਨੁ ॥ | | |
| ਗਾਵੀਐ, ਸੁਣੀਐ, ਮਨਿ ਰਖੀਐ ਭਾਉ ॥ | | ਨਾਮ ਤੇ ਗੁਰਬਾਣੀ ਰੂਪੀ ਹਰਿਜਸ ਨੂੰ ਗਾਈਏ, ਮਨ ਲਾ ਕੇ ਸੁਣੀਏ ਤੇ ਨਾਲ ਦੀ ਨਾਲ, ਮਨ ਵਿਚ ਪਿਆਰ ਰਖੀਏ। ਇਸ ਤਰਾਂ ਕਰਨ ਦਾ ਫਲ ਕੀ ਹੈ? ਸੋ ਅਗਲੀ ਪੰਕਤੀ ਵਿਚ ਦਸਦੇ ਹਨ। |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਦੁਖੁ ਪਰਹਰਿ, ਸੁਖੁ ਘਰਿ ਲੈ ਜਾਇ ॥ | | ਦੁਖ ਨੂੰ ਪਰਹਰਿ ਲਈਦਾ ਹੈ ਭਾਵ ਖਤਮ ਕਰ ਦਈਦਾ ਹੈ ਤੇ ਸੁਖ ਮਨ ਰੂਪੀ ਘਰ ਵਿਚ ਲੈ ਆਈਦਾ ਹੈ। |
| ਗੁਰਮੁਖਿ ਨਾਦੰ, ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਈ ॥ | | ਗੁਰਮੁਖਿ ਦਾ ਭਾਵ ਇਥੇ ਪਰਮਾਤਮਾ ਹੈ ਭਾਵ ਮੁਖੀ ਗੁਰੂ। |
| ਗੁਰੁ ਈਸਰੁ, ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾਈ ॥ | ਈਸ਼ਰ, ਬਰੱਮਾ | ਗੁਰੂ ਹੀ ਸਾਡੇ ਵਾਸਤੇ ਸ਼ਿਵ ਹੈ, ਗੁਰੂ ਹੀ ਵਿਸ਼ਨੂ ਤੇ ਬ੍ਰਹਮਾ ਹੈ ਤੇ ਗੁਰੂ ਹੀ ਪਾਰਬਤੀ, ਲਕਸ਼ਮੀ ਤੇ ਸਰਸਵਤੀ ਹੈ। ਭਾਵ ਗੁਰੂ ਤੋ ਇਲਾਵਾ ਸਾਡਾ ਹੋਰ ਕੋਈ ਇਸ਼ਟ ਨਹੀਂ ਹੈ। |
| ਜੇ, ਹਉ ਜਾਣਾ, ਆਖਾ ਨਾਹੀ, ਕਹਣਾ ਕਥਨੁ ਨ ਜਾਈ ॥ | ਹਉਂ, ਜਾਣਾਂ, ਆਖਾਂ, ਨਾਹੀਂ | |
| ਗੁਰਾ ਇਕ ਦੇਹਿ ਬੁਝਾਈ ॥ | ਗੁਰਾਂ | ਗੁਰਾਂ ਨੇ ਇਕ ਸਿਖਿਆ ਬੁਝਾ ਦਿਤੀ ਹੈ। ਦੇਹਿ = ਦਿਤੀ ਹੈ। |
| ਸਭਨਾ ਜੀਆ ਕਾ ਇਕੁ ਦਾਤਾ, ਸੋ ਮੈ ਵਿਸਰਿ ਨ ਜਾਈ ॥੫॥ | ਸਭਨਾਂ, ਜੀਆਂ | ਪਿਛਲੀ ਪੰਕਤੀ ਵਿਚ ਜ਼ਿਕਰ ਕੀਤੀ ਸਿਖਿਆ ਇਹ ਹੈ ਕਿ – ਸਭਨਾਂ ਜੀਆਂ ਦਾ ਇਕ ਦਾਤਾ ਹੈ ਤੇ ਉਹ ਮੈਨੂੰ ਭੁਲ ਨਾ ਜਾਵੇ। |
| ਤੀਰਥਿ ਨਾਵਾ, ਜੇ ਤਿਸੁ ਭਾਵਾ, ਵਿਣੁ ਭਾਣੇ ਕਿ ਨਾਇ ਕਰੀ ॥ | ਨਾਵਾਂ, ਭਾਵਾਂ, ਕਰੀਂ | ਸੰਤ ਗੁਰਬਚਨ ਸਿੰਘ ਜੀ ਨੇ ਗੁਰਬਾਣੀ ਪਾਠ ਦਰਸ਼ਨ ਨਾਮੇ ਪੋਥੀ ਵਿਚ ਲਿਖਿਆ ਹੈ ਕਿ "ਨਾਵਾ" ਦਾ ਉਚਾਰਨ "ਨ੍ਹਾਵਾਂ" ਕਰਨਾ ਹੈ ਤੇ "ਨਾਇ" ਦਾ ਉਚਾਰਨ "ਨ੍ਹਾਇ" ਕਰਨਾ ਹੈ। |
| ਜੇਤੀ ਸਿਰਠਿ ਉਪਾਈ ਵੇਖਾ, ਵਿਣੁ ਕਰਮਾ ਕਿ ਮਿਲੈ, ਲਈ ॥ | ਵੇਖਾਂ, ਕਰਮਾਂ, ਲਈਂ | ਜਿਨੀ ਉਪਾਈ ਹੋਈ ਸ੍ਰਿਸ਼ਟੀ ਮੈਂ ਵੇਖਦਾ ਹਾਂ ਉਹ ਬਿਨਾਂ ਕਰਮਾਂ ਤੋਂ ਕੀ ਮਿਲ ਸਕਦੀ ਹੈ ਤੇ ਮੈਂ ਕੀ ਲੈ ਸਕਦਾ ਹਾਂ (ਲਈਂ)। ਇਥੇ "ਕਿ" ਪਦ ਦੇਹਲੀ ਦੀਪਕ ਹੈ – ਕਿ ਮਿਲੈ ਤੇ ਕਿ ਲਈ (ਕੀ ਲਵਾਂ)। |
| ਮਤਿ ਵਿਚਿ ਰਤਨ ਜਵਾਹਰ ਮਾਣਿਕ, ਜੇ ਇਕ ਗੁਰ ਕੀ ਸਿਖ ਸੁਣੀ ॥ | | |
| ਗੁਰਾ ਇਕ ਦੇਹਿ ਬੁਝਾਈ ॥ | ਗੁਰਾਂ | ਗੁਰਾਂ ਨੇ ਇਕ ਸਿਖਿਆ ਬੁਝਾ ਦਿਤੀ ਹੈ। ਦੇਹਿ = ਦਿਤੀ ਹੈ। |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਸਭਨਾ ਜੀਆ ਕਾ ਇਕੁ ਦਾਤਾ, ਸੋ ਮੈ ਵਿਸਰਿ ਨ ਜਾਈ ॥੬॥ | ਸਭਨਾਂ, ਜੀਆਂ | ਪਿਛਲੀ ਪੰਕਤੀ ਵਿਚ ਜ਼ਿਕਰ ਕੀਤੀ ਸਿਖਿਆ ਇਹ ਹੈ ਕਿ - ਸਭਨਾਂ ਜੀਆਂ ਦਾ ਇਕ ਦਾਤਾ ਹੈ ਤੇ ਉਹ ਮੈਨੂੰ ਭੁਲ ਨਾ ਜਾਵੇ। |
| ਜੇ ਜੁਗ ਚਾਰੇ ਆਰਜਾ, ਹੋਰ ਦਸੂਣੀ ਹੋਇ ॥ | | |
| ਨਵਾ ਖੰਡਾ ਵਿਚਿ ਜਾਣੀਐ, ਨਾਲਿ ਚਲੈ ਸਭੁ ਕੋਇ ॥ | ਨਵਾਂ, ਖੰਡਾਂ | |
| ਚੰਗਾ ਨਾਉ ਰਖਾਇ ਕੈ, ਜਸੁ ਕੀਰਤਿ ਜਗਿ ਲੇਇ ॥ | ਨਾਂਉ | |
| ਜੇ ਤਿਸੁ ਨਦਰਿ ਨ ਆਵਈ, ਤ ਵਾਤ ਨ ਪੁਛੈ ਕੇ ॥ | ਤਂ | |
| ਕੀਟਾ ਅੰਦਰਿ ਕੀਟੁ ਕਰਿ, ਦੋਸੀ ਦੋਸੁ ਧਰੇ ॥ | ਕੀਟਾਂ, ਦੋਸ਼ੀ, ਦੋਸ਼ | ਅਕਾਲ ਪੁਰਖ ਉਸ ਨੂੰ ਅਨੇਕਾਂ ਕੀੜਿਆਂ ਅੰਦਰ ਇਕ ਕੀੜਾ ਬਣਾ ਦਿੰਦਾ ਹੈ ਤੇ ਉਥੇ ਉਹ ਐਨਾ ਗੁਨਾਹਗਾਰ ਬਣਾ ਦਿਤਾ ਜਾਂਦਾ ਹੈ ਕਿ ਦੋਸ਼ੀ ਵੀ ਉਸ ਤੇ ਦੋਸ਼ ਧਰਦੇ ਹਨ ਭਾਵ ਉਸ ਨੂੰ ਨੀਚ ਸਮਝਦੇ ਹਨ। |
| ਨਾਨਕ, ਨਿਰਗੁਣਿ ਗੁਣੁ ਕਰੇ, ਗੁਣਵੰਤਿਆ ਗੁਣੁ ਦੇ ॥ | ਗੁਣਵੰਤਿਆਂ | |
| ਤੇਹਾ ਕੋਇ ਨ ਸੁਝਈ, ਜਿ ਤਿਸੁ ਗੁਣੁ ਕੋਇ ਕਰੇ ॥੭॥ | | |
| ਸੁਣਿਐ, ਸਿਧ ਪੀਰ ਸੁਰਿ ਨਾਥ ॥ | ਸੁਣਿਐਂ | ਇਹਨਾਂ ਚਾਰ ਪਉੜੀਆਂ ਵਿਚ "ਸੁਣਿਐ" ਤੋਂ ਭਾਵ ਹੈ ਸੁਨਣ ਕਰਕੇ। ਸਚੇ ਗੁਰੂ ਤੋਂ ਗੁਰਦੀਖਿਅਤ ਹੋਣ ਤੋਂ ਬਾਅਦ, ਗੁਰਮਤਿ ਨਾਮ ਨੂੰ ਪੂਰੇ ਧਿਆਨ ਨਾਲਿ ਸੁਨਣ ਕਰਕੇ, ਕੀ ਕੀ ਫਲ ਪ੍ਰਾਪਤਿ ਹੁੰਦੇ ਹਨ, ਉਹ ਇਹਨਾਂ ਚਾਰ ਪਉੜੀਆਂ ਵਿਚ ਦਰਜ ਹਨ। |
| ਸੁਣਿਐ, ਧਰਤਿ ਧਵਲ ਆਕਾਸ ॥ | ਸੁਣਿਐਂ, ਆਕਾਸ਼ | |
| ਸੁਣਿਐ, ਦੀਪ ਲੋਅ ਪਾਤਾਲ ॥ | ਸੁਣਿਐਂ | |
| ਸੁਣਿਐ, ਪੋਹਿ ਨ ਸਕੈ ਕਾਲੁ ॥ | ਸੁਣਿਐਂ | |
| ਨਾਨਕ, ਭਗਤਾ ਸਦਾ ਵਿਗਾਸੁ ॥ | ਭਗਤਾਂ | |
| ਸੁਣਿਐ, ਦੂਖ ਪਾਪ ਕਾ ਨਾਸੁ ॥੮॥ | ਸੁਣਿਐਂ | |
| ਸੁਣਿਐ, ਈਸਰੁ ਬਰਮਾ ਇੰਦੁ ॥ | ਸੁਣਿਐਂ, ਈਸ਼ਰ, ਬਰੱਮਾ | |
| ਸੁਣਿਐ, ਮੁਖਿ ਸਾਲਾਹਣ ਮੰਦੁ ॥ | ਸੁਣਿਐਂ | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਸੁਣਿਐ, ਜੋਗ ਜੁਗਤਿ ਤਨਿ ਭੇਦ ॥ | ਸੁਣਿਐਂ | |
| ਸੁਣਿਐ, ਸਾਸਤ ਸਿਮ੍ਰਿਤਿ ਵੇਦ ॥ | ਸੁਣਿਐਂ, ਸ਼ਾਸਤ | |
| ਨਾਨਕ, ਭਗਤਾ ਸਦਾ ਵਿਗਾਸੁ ॥ | ਭਗਤਾਂ | |
| ਸੁਣਿਐ, ਦੂਖ ਪਾਪ ਕਾ ਨਾਸੁ ॥੯॥ | ਸੁਣਿਐਂ | |
| ਸੁਣਿਐ, ਸਤੁ ਸੰਤੋਖੁ ਗਿਆਨੁ ॥ | ਸੁਣਿਐਂ | |
| ਸੁਣਿਐ, ਅਠਸਠਿ ਕਾ ਇਸਨਾਨੁ ॥ | ਸੁਣਿਐਂ, ਇਸ਼ਨਾਨ | |
| ਸੁਣਿਐ, ਪੜਿ ਪੜਿ ਪਾਵਹਿ ਮਾਨੁ ॥ | ਸੁਣਿਐਂ, ਪਾਵਹਿਂ | |
| ਸੁਣਿਐ, ਲਾਗੈ ਸਹਜਿ ਧਿਆਨੁ ॥ | ਸੁਣਿਐਂ | |
| ਨਾਨਕ, ਭਗਤਾ ਸਦਾ ਵਿਗਾਸੁ ॥ | ਭਗਤਾਂ | |
| ਸੁਣਿਐ, ਦੂਖ ਪਾਪ ਕਾ ਨਾਸੁ ॥੧੦॥ | ਸੁਣਿਐਂ | |
| ਸੁਣਿਐ, ਸਰਾ ਗੁਣਾ ਕੇ ਗਾਹ ॥ | ਸੁਣਿਐਂ, ਸਰਾਂ, ਗੁਣਾਂ | |
| ਸੁਣਿਐ, ਸੇਖ ਪੀਰ ਪਾਤਿਸਾਹ ॥ | ਸੁਣਿਐਂ, ਸ਼ੇਖ, ਪਾਤਿਸ਼ਾਹ | |
| ਸੁਣਿਐ, ਅੰਧੇ ਪਾਵਹਿ ਰਾਹੁ ॥ | ਸੁਣਿਐਂ, ਪਾਵਹਿਂ | |
| ਸੁਣਿਐ, ਹਾਥ ਹੋਵੈ ਅਸਗਾਹੁ ॥ | ਸੁਣਿਐਂ | |
| ਨਾਨਕ, ਭਗਤਾ ਸਦਾ ਵਿਗਾਸੁ ॥ | ਭਗਤਾਂ | |
| ਸੁਣਿਐ, ਦੂਖ ਪਾਪ ਕਾ ਨਾਸੁ ॥੧੧॥ | ਸੁਣਿਐਂ | |
| ਮੰਨੇ ਕੀ ਗਤਿ, ਕਹੀ ਨ ਜਾਇ ॥ | | ਮੰਨੇ ਦਾ ਭਾਵ ਹੈ ਮੰਨਣ ਵਾਲਾ। ਨਾਮ ਨੂੰ ਜਿਸ ਨੇ ਮੰਨ ਲਿਆ ਭਾਵ ਜਿਸ ਨੂੰ ਨਾਮ ਦੀ ਮਹਿਮਾ ਤੇ ਅਤੇ ਨਾਮ ਨੂੰ ਸੁਨਣ ਸੀ ਮਹਿਮਾ ਤੇ ਪ੍ਰਤੀਤਿ ਆ ਗਈ ਉਸ ਦੀ ਗਤਿ ਕਹੀ ਨਹੀਂ ਜਾ ਸਕਦੀ। |
| ਜੇ ਕੋ ਕਹੈ, ਪਿਛੈ ਪਛੁਤਾਇ ॥ | | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਕਾਗਦਿ, ਕਲਮ ਨ ਲਿਖਣਹਾਰੁ ॥ | | ਬਿਸ਼ਰਾਮ ਕਾਗਦਿ ਤੇ; ਮਤਲਬ ਹੈ ਕਾਗਜ਼ ਤੇ ਕਲਮ ਲਿਖ ਨਹੀਂ ਸਕਦੀ। ਕਾਗਦਿ ਦੇ ਅਖੀਰ ਦੀ ਸਿਹਾਰੀ "ਉੱਪਰ" ਦਾ ਅਰਥ ਦਿੰਦੀ ਹੈ। |
| ਮੰਨੇ ਕਾ, ਬਹਿ ਕਰਨਿ ਵੀਚਾਰੁ ॥ | | ਪੰਕਤੀ ਦਾ ਅਨਵੈ: ਮੰਨੇ ਦਾ ਵਿਚਾਰੁ ਬਹਿ ਕਰਨਿ। |
| ਐਸਾ, ਨਾਮੁ ਨਿਰੰਜਨੁ ਹੋਇ ॥ | | ਐਸਾ ਨਾਮੁ" ਇਕੱਠਾ ਨਹੀਂ ਉਚਾਰਨਾ। "ਐਸਾ" ਦੇ ਬਾਅਦ ਛੋਟਾ ਬਿਸ਼ਰਾਮ ਹੈ। ਮਤਲਬ ਹੈ, "ਐਸਾ ਹੈ ਨਾਮ ਨਿਰੰਜਨ - ਜੈਸਾ ਉਪਰ ਵਰਨਣ ਕੀਤਾ ਗਿਆ ਹੈ। |
| ਜੇ ਕੋ, ਮੰਨਿ ਜਾਣੈ ਮਨਿ, ਕੋਇ ॥੧੨॥ | | ਨਾਮ ਨਿਰੰਜਨ (ਮੈਲ ਰਹਿਤ) ਦੀ ਸੋਝੀ ਕਿਸ ਨੂੰ ਆਉਂਦੀ ਹੈ: "ਜੇ ਕੋਈ, ਮਨ ਕਰਕੇ ਮੰਨ ਲਵੇ, ਪਰ ਐਸਾ ਕੋਈ ਹੀ ਹੁੰਦਾ ਹੈ"। |
| ਮੰਨੈ, ਸੁਰਤਿ ਹੋਵੈ ਮਨਿ ਬੁਧਿ ॥ | | |
| ਮੰਨੈ, ਸਗਲ ਭਵਣ ਕੀ ਸੁਧਿ ॥ | | |
| ਮੰਨੈ, ਮੁਹਿ ਚੋਟਾ ਨਾ ਖਾਇ ॥ | ਚੋਟਾਂ | ਚੋਟਾ" ਦੇ ਅਖੀਰ ਤੇ ਨਾਸਕੀ ਉਚਾਰਨ ਕਿਉਂਕਿ ਇਹ ਬਹੁਵਚਨ ਨਾਂਵ ਹੈ। |
| ਮੰਨੈ, ਜਮ ਕੈ ਸਾਥਿ ਨ ਜਾਇ ॥ | | |
| ਐਸਾ, ਨਾਮੁ ਨਿਰੰਜਨੁ ਹੋਇ ॥ | | ਐਸਾ ਨਾਮੁ" ਇਕੱਠਾ ਨਹੀਂ ਉਚਾਰਨਾ। "ਐਸਾ" ਦੇ ਬਾਅਦ ਬਿਸ਼ਰਾਮ ਹੈ। ਮਤਲਬ ਹੈ, "ਐਸਾ ਹੈ ਨਾਮ ਨਿਰੰਜਨ - ਜੈਸਾ ਉਪਰ ਵਰਨਣ ਕੀਤਾ ਗਿਆ ਹੈ। |
| ਜੇ ਕੋ, ਮੰਨਿ ਜਾਣੈ ਮਨਿ, ਕੋਇ ॥੧੩॥ | | ਨਾਮ ਨਿਰੰਜਨ (ਮੈਲ ਰਹਿਤ) ਦੀ ਸੋਝੀ ਕਿਸ ਨੂੰ ਆਉਂਦੀ ਹੈ: "ਜੇ ਕੋਈ, ਮਨ ਕਰਕੇ ਮੰਨ ਲਵੇ, ਪਰ ਐਸਾ ਕੋਈ ਹੀ ਹੁੰਦਾ ਹੈ"। |
| ਮੰਨੈ, ਮਾਰਗਿ ਠਾਕ ਨ ਪਾਇ ॥ | | |
| ਮੰਨੈ, ਪਤਿ ਸਿਉ ਪਰਗਟੁ ਜਾਇ ॥ | | |
| ਮੰਨੈ, ਮਗੁ ਨ ਚਲੈ ਪੰਥੁ ॥ | | |
| ਮੰਨੈ, ਧਰਮ ਸੇਤੀ ਸਨਬੰਧੁ ॥ | | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਐਸਾ, ਨਾਮੁ ਨਿਰੰਜਨੁ ਹੋਇ ॥ | | ਐਸਾ ਨਾਮੁ" ਇਕੱਠਾ ਨਹੀਂ ਉਚਾਰਨਾ। "ਐਸਾ" ਦੇ ਬਾਅਦ ਬਿਸ਼ਰਾਮ ਹੈ। ਮਤਲਬ ਹੈ, "ਐਸਾ ਹੈ ਨਾਮ ਨਿਰੰਜਨ - ਜੈਸਾ ਉਪਰ ਵਰਨਣ ਕੀਤਾ ਗਿਆ ਹੈ। |
| ਜੇ ਕੋ, ਮੰਨਿ ਜਾਣੈ ਮਨਿ, ਕੋਇ ॥੧੪॥ | | ਨਾਮ ਨਿਰੰਜਨ (ਮੈਲ ਰਹਿਤ) ਦੀ ਸੋਝੀ ਕਿਸ ਨੂੰ ਆਉਂਦੀ ਹੈ: "ਜੇ ਕੋਈ, ਮਨ ਕਰਕੇ ਮੰਨ ਲਵੇ, ਪਰ ਐਸਾ ਕੋਈ ਹੀ ਹੁੰਦਾ ਹੈ"। |
| ਮੰਨੈ, ਪਾਵਹਿ ਮੋਖੁ ਦੁਆਰੁ ॥ | ਪਾਵਹਿਂ | ਪਾਵਹਿ" ਦਾ ਕਰਤਾ ਬਹੁਵਚਨ ਹੈ ਇਸ ਕਰਕੇ ਇਸ ਦੀ ਸਿਹਾਰੀ ਤੇ ਹਾਹੇ ਦਾ ਉਚਾਰਨ ਨਾਸਕੀ ਹੈ। |
| ਮੰਨੈ, ਪਰਵਾਰੈ ਸਾਧਾਰੁ ॥ | | |
| ਮੰਨੈ, ਤਰੈ ਤਾਰੇ ਗੁਰੁ ਸਿਖ ॥ | | |
| ਮੰਨੈ, ਨਾਨਕ ਭਵਹਿ ਨ ਭਿਖ ॥ | ਭਵਹਿਂ | ਭਵਹਿ" ਦਾ ਕਰਤਾ ਬਹੁਵਚਨ ਹੈ ਇਸ ਕਰਕੇ ਇਸ ਦੀ ਸਿਹਾਰੀ ਤੇ ਹਾਹੇ ਦਾ ਉਚਾਰਨ ਨਾਸਕੀ ਹੈ। |
| ਐਸਾ, ਨਾਮੁ ਨਿਰੰਜਨੁ ਹੋਇ ॥ | | ਐਸਾ ਨਾਮੁ" ਇਕੱਠਾ ਨਹੀਂ ਉਚਾਰਨਾ। "ਐਸਾ" ਦੇ ਬਾਅਦ ਬਿਸ਼ਰਾਮ ਹੈ। ਮਤਲਬ ਹੈ, "ਐਸਾ ਹੈ ਨਾਮ ਨਿਰੰਜਨ - ਜੈਸਾ ਉਪਰ ਵਰਨਣ ਕੀਤਾ ਗਿਆ ਹੈ। |
| ਜੇ ਕੋ, ਮੰਨਿ ਜਾਣੈ ਮਨਿ, ਕੋਇ ॥੧੫॥ | | ਨਾਮ ਨਿਰੰਜਨ (ਮੈਲ ਰਹਿਤ) ਦੀ ਸੋਝੀ ਕਿਸ ਨੂੰ ਆਉਂਦੀ ਹੈ: "ਜੇ ਕੋਈ, ਮਨ ਕਰਕੇ ਮੰਨ ਲਵੇ, ਪਰ ਐਸਾ ਕੋਈ ਹੀ ਹੁੰਦਾ ਹੈ"। |
| ਪੰਚ ਪਰਵਾਣ, ਪੰਚ ਪਰਧਾਨੁ ॥ | | ਪੰਚ ਉਹ ਜਨ ਹਨ ਜੋ ਨਾਮ ਨੂੰ ਸੁਣ ਕੇ ਤੇ ਨਾਮ ਨੂੰ ਮੰਨ ਕੇ ਗੁਰੂ ਦੇ ਦੁਆਰ ਤੇ ਪਰਵਾਣ ਚੜ ਜਾਂਦੇ ਹਨ। ਇਹ ਚਾਰ ਪੰਕਤੀਆਂ ਉਹਨਾਂ ਗੁਰਮੁਖਾਂ ਦੀ ਮਹਿਮਾ ਵਿਚ ਹਨ ਜੋ ਨਾਮ ਰਾਹੀਂ ਪੁਗ ਖਲੋਤੇ ਹਨ। |
| ਪੰਚੇ ਪਾਵਹਿ ਦਰਗਹਿ ਮਾਨੁ ॥ | ਪਾਵਹਿਂ | ਪਾਵਹਿ = ਪਾਉਂਦੇ ਹਨ, ਉਚਾਰਨ ਨਾਸਕੀ ਕਿਉਂਕਿ ਇਸ ਕਿਰਿਆ ਦਾ ਕਰਤਾ ਬਹੁ ਵਚਨ ਹੈ। |

# ਸੰਥਿਆ ਸ੍ਰੀ ਜਪੁ ਜੀ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਪੰਚੇ ਸੋਹਹਿ ਦਰਿ ਰਾਜਾਨੁ ॥ | ਸੋਹਹਿਂ | ੧. ਸੋਹਹਿ = ਸੋਂਹਦੇ ਹਨ, ਉਚਾਰਨ ਨਾਸਕੀ ਕਿਉਂਕਿ ਇਸ ਕਿਰਿਆ ਦਾ ਕਰਤਾ ਬਹੁ ਵਚਨ ਹੈ।<br>੨. ਪੰਕਤੀ ਦਾ ਅਰਥ ਹੈ ਕਿ ਪੰਚ ਹੀ ਪਰਮਾਤਮਾ ਦੇ ਦਰ ਤੇ ਰਾਜਿਆਂ ਵਾਂਗ ਸੋਂਹਦੇ ਹਨ ਭਾਵ ਉਹਨਾਂ ਦਾ ਸਤਿਕਾਰ ਪਰਮਾਤਮਾ ਦੇ ਦਰ ਤੇ ਰਾਜਾਨ (ਰਾਜਿਆਂ) ਵਾਂਗ ਹੁੰਦਾ ਹੈ।<br>੩. ਇਹ ਅਰਥ ਠੀਕ ਨਹੀਂ ਕਿ ਪੰਚ ਜਨ ਰਾਜਾਨ (ਪਰਮਾਤਮਾ) ਦੇ ਦਰ ਤੇ ਸੋਂਹਦੇ ਹਨ ਕਿਉਂਕਿ "ਰਾਜਾਨੁ" ਪਦ ਦੇ ਛੇਕੜਲੇ ਔਂਕੜ ਕਰਕੇ, ਇਸ ਵਿਚੋਂ ਸੰਬੰਧਕ ਦਾ ਅਰਥ ਨਹੀਂ ਨਿਕਲ ਸਕਦਾ। |
| ਪੰਚਾ ਕਾ, ਗੁਰੁ ਏਕੁ ਧਿਆਨੁ ॥ | ਪੰਚਾਂ | ੧. ਉਚਾਰਨ ਨਾਸਕੀ ਕਿਉਂਕਿ ਇਹ ਨਾਂਵ ਬਹੁ ਵਚਨ ਹੈ ਤੇ ਇਸ ਦੇ ਅੱਗੇ ਸੰਬੰਧਕ "ਕਾ" ਹੈ।<br>੨. ਪੰਚਾਂ ਦਾ ਧਿਆਨ, ਇਕ ਗੁਰ ਹੈ ਬਸ। |
| ਜੇ ਕੋ ਕਹੈ, ਕਰੈ ਵੀਚਾਰੁ ॥ | | |
| ਕਰਤੇ ਕੈ ਕਰਣੈ, ਨਾਹੀ ਸੁਮਾਰੁ ॥ | ਸ਼ੁਮਾਰ | ਉਚਾਰਨ ਸੱਸੇ ਦੀ ਵਿਸ਼ੇਸ਼ ਧੁਨੀ ਯਾਨੀ ਕਿ ਸ਼ੁਮਾਰ। ਇਹ ਫਾਰਸੀ ਦਾ ਲਫਜ਼ ਹੈ ਤੇ ਇਸ ਦਾ ਮਤਲਬ ਹੈ ਗਿਣਤੀ। |
| ਧੌਲੁ ਧਰਮੁ, ਦਇਆ ਕਾ ਪੂਤੁ ॥ | | |
| ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ | | |
| ਜੇ ਕੋ ਬੁਝੈ, ਹੋਵੈ ਸਚਿਆਰੁ ॥ | | |
| ਧਵਲੈ ਉਪਰਿ, ਕੇਤਾ ਭਾਰੁ ॥ | | |
| ਧਰਤੀ ਹੋਰੁ, ਪਰੈ ਹੋਰੁ ਹੋਰੁ ॥ | | |
| ਤਿਸ ਤੇ ਭਾਰੁ, ਤਲੈ ਕਵਣੁ ਜੋਰੁ ॥ | ਜ਼ੋਰ | |
| ਜੀਅ, ਜਾਤਿ, ਰੰਗਾ, ਕੇ ਨਾਵ ॥ | ਰੰਗਾਂ, ਨਾਂਵ | ਕੇ" ਦਾ ਅਰਥ ਹੈ ਕਈ ਤੇ ਇਹ ਚਾਰੇ ਹੀ ਨਾਂਵਾਂ ਨਾਲ ਲਗਦਾ ਹੈ - ਕਈ ਜੀਅ, ਕਈ ਜਾਤਾਂ ਦੇ, ਕਈ ਰੰਗਾਂ ਦੇ, ਤੇ ਕਈ ਨਾਂਵਾਂ ਦੇ। ਇਸ ਕਰਕੇ "ਰੰਗਾ" ਦਾ ਉਚਾਰਨ "ਰੰਗਾਂ" ਹੈ। |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਸਭਨਾ ਲਿਖਿਆ ਵੁੜੀ ਕਲਾਮ ॥ | ਸਭਨਾਂ | ਇਹ ਪੜਨਾਵੀਂ ਵਿਸ਼ੇਸ਼ਣ ਬਹੁ ਵਚਨ ਹੈ ਤੇ ਇਸ ਦੇ ਅੱਗੇ "ਤੇ" ਸੰਬੰਧਕ ਗੁਪਤ ਹੈ; ਇਸ ਕਰਕੇ ਇਸ ਦੇ ਕੰਨੇ ਤੇ ਉਚਾਰਨ ਨਾਸਕੀ ਹੈ। ਪੰਕਤੀ ਦਾ ਭਾਵ ਹੈ - ਸਭਨਾਂ (ਜੀਆਂ ਦੇ ਮੱਥੇ ਤੇ) ਪਰਮਾਤਮਾ ਦੀ ਲਗਾਤਾਰ ਚੱਲ ਰਹੀ ਕਲਮ ਨਾਲ (ਕਰਮਾਂ ਦਾ) ਲੇਖਾ ਲਿਖਿਆ ਹੋਇਆ ਹੈ। |
| ਏਹੁ ਲੇਖਾ, ਲਿਖਿ ਜਾਣੈ ਕੋਇ ॥ | | |
| ਲੇਖਾ ਲਿਖਿਆ, ਕੇਤਾ ਹੋਇ ॥ | | |
| ਕੇਤਾ ਤਾਣੁ, ਸੁਆਲਿਹੁ ਰੂਪੁ ॥ | | |
| ਕੇਤੀ ਦਾਤਿ, ਜਾਣੈ ਕੌਣੁ ਕੂਤੁ ॥ | | |
| ਕੀਤਾ ਪਸਾਉ, ਏਕੋ ਕਵਾਉ ॥ | | |
| ਤਿਸ ਤੇ ਹੋਏ, ਲਖ ਦਰੀਆਉ ॥ | | |
| ਕੁਦਰਤਿ ਕਵਣ, ਕਹਾ ਵੀਚਾਰੁ ॥ | ਕਹਾਂ | ਉਤਮ ਪੁਰਖ ਕਿਰਿਆ; ਇਸ ਕਰਕੇ ਉਚਾਰਨ ਨਾਸਕੀ। ਅਰਥ ਹੈ "ਮੇਰੀ ਕੀ ਕੁਦਰਤਿ ਭਾਵ ਤਾਕਤ ਹੈ ਕਿ ਮੈਂ, ਹੇ ਪਰਮਾਤਮਾ, ਤੇਰੇ ਬਾਰੇ ਕੋਈ ਵਿਚਾਰ ਕਹਾਂ"। |
| ਵਾਰਿਆ ਨ ਜਾਵਾ ਏਕ ਵਾਰ ॥ | | ੧. "ਜਾਵਾ" ਦਾ ਉਚਾਰਨ ਨਾਸਕੀ ਨਹੀਂ। ਪੰਕਤੀ ਦਾ ਭਾਵ ਹੈ "ਹੇ ਪਰਮਾਤਮਾ, ਤੇਰਾ ਇਕ ਵਾਰ (ਵਾਲ) ਵੀ ਮੇਰੇ ਤੋਂ ਵਾਰਿਆ (ਕਥਿਆ) ਨਹੀਂ ਜਾ ਸਕਦਾ। "ਵਾਰ" ਦਾ ਔਂਕੜ ਇਸ ਕਰਕੇ ਉੱਡ ਗਿਆ ਹੈ ਕਿਉਂਕਿ ਇਸ ਦੇ ਅੱਗੇ "ਵੀ" ਗੁਪਤ ਹੈ।<br>੨. ਇਸ ਪੰਕਤੀ ਬਾਰੇ ਹੋਰ ਵਿਚਾਰ ਦੀ ਲੋੜ ਹੈ। |
| ਜੋ ਤੁਧੁ ਭਾਵੈ, ਸਾਈ ਭਲੀ ਕਾਰ ॥ | | ਸਾਈ ਦਾ ਉਚਾਰਨ ਸਾਂਈਂ ਨਹੀਂ ਕਰਨਾ। ਸਾਈ ਦਾ ਅਰਥ ਹੈ "ਉਹੀ" ਜਦਕਿ ਸਾਂਈਂ ਦਾ ਅਰਥ ਹੈ ਮਾਲਕ, ਸਵਾਮੀ, ਪਰਮਾਤਮਾ। ਇਸ ਸਾਰੀ ਪੰਕਤੀ ਦਾ ਅਰਥ ਹੈ - ਜੋ ਤੈਨੂੰ (ਹੇ ਪਰਮਾਤਮਾ) ਚੰਗੀ ਲਗੇ, ਉਹੀ ਕਾਰ (ਕੰਮ) ਭਲੀ ਹੈ। |
| ਤੂ ਸਦਾ ਸਲਾਮਤਿ, ਨਿਰੰਕਾਰ ॥੧੬॥ | | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਅਸੰਖ ਜਪ, ਅਸੰਖ ਭਾਉ ॥ | | |
| ਅਸੰਖ ਪੂਜਾ, ਅਸੰਖ ਤਪ ਤਾਉ ॥ | | |
| ਅਸੰਖ ਗਰੰਥ, ਮੁਖਿ ਵੇਦ ਪਾਠ ॥ | | |
| ਅਸੰਖ ਜੋਗ, ਮਨਿ ਰਹਹਿ ਉਦਾਸ ॥ | ਰਹਹਿੰ | ਉਚਾਰਨ ਨਾਸਕੀ ਕਿਉਂਕਿ ਇਸ ਕਿਰਿਆ ਦਾ ਕਰਤਾ ਅਨ-ਪੁਰਖ. ਭਹੁਵਚਨ ਨਾਂਵ ਹੈ। |
| ਅਸੰਖ ਭਗਤ, ਗੁਣ ਗਿਆਨ ਵੀਚਾਰ ॥ | | |
| ਅਸੰਖ ਸਤੀ, ਅਸੰਖ ਦਾਤਾਰ ॥ | | |
| ਅਸੰਖ ਸੂਰ, ਮੁਹ ਭਖ ਸਾਰ ॥ | | |
| ਅਸੰਖ ਮੋਨਿ, ਲਿਵ ਲਾਇ ਤਾਰ ॥ | | |
| ਕੁਦਰਤਿ ਕਵਣ, ਕਹਾ ਵੀਚਾਰੁ ॥ | ਕਹਾਂ | ਉਤਮ ਪੁਰਖ ਕਿਰਿਆ; ਇਸ ਕਰਕੇ ਉਚਾਰਨ ਨਾਸਕੀ। ਅਰਥ ਹੈ "ਮੇਰੀ ਕੀ ਕੁਦਰਤਿ ਭਾਵ ਤਾਕਤ ਹੈ ਕਿ ਮੈਂ, ਹੇ ਪਰਮਾਤਮਾ, ਤੇਰੇ ਬਾਰੇ ਕੋਈ ਵਿਚਾਰ ਕਹਾਂ"। |
| ਵਾਰਿਆ ਨ ਜਾਵਾ ਏਕ ਵਾਰ ॥ | | ੧. "ਜਾਵਾ" ਦਾ ਉਚਾਰਨ ਨਾਸਕੀ ਨਹੀਂ। ਪੰਕਤੀ ਦਾ ਭਾਵ ਹੈ "ਹੇ ਪਰਮਾਤਮਾ, ਤੇਰਾ ਇਕ ਵਾਰ (ਵਾਲ) ਵੀ ਮੇਰੇ ਤੋਂ ਵਾਰਿਆ (ਕਥਿਆ) ਨਹੀਂ ਜਾ ਸਕਦਾ। "ਵਾਰ" ਦਾ ਔਂਕੜ ਇਸ ਕਰਕੇ ਉਡ ਗਿਆ ਹੈ ਕਿਉਂਕਿ ਇਸ ਦੇ ਅੱਗੇ "ਵੀ" ਗੁਪਤ ਹੈ।<br>੨. ਇਸ ਪੰਕਤੀ ਬਾਰੇ ਹੋਰ ਵਿਚਾਰ ਦੀ ਲੋੜ ਹੈ। |
| ਜੋ ਤੁਧੁ ਭਾਵੈ, ਸਾਈ ਭਲੀ ਕਾਰ ॥ | | ਸਾਈ ਦਾ ਉਚਾਰਨ ਸਾਂਈਂ ਨਹੀਂ ਕਰਨਾ। ਸਾਈ ਦਾ ਅਰਥ ਹੈ "ਉਹੀ" ਜਦਕਿ ਸਾਂਈਂ ਦਾ ਅਰਥ ਹੈ ਮਾਲਕ, ਸਵਾਮੀ, ਪਰਮਾਤਮਾ। ਇਸ ਸਾਰੀ ਪੰਕਤੀ ਦਾ ਅਰਥ ਹੈ - ਜੋ ਤੈਨੂੰ (ਹੇ ਪਰਮਾਤਮਾ) ਚੰਗੀ ਲਗੇ, ਉਹੀ ਕਾਰ (ਕੰਮ) ਭਲੀ ਹੈ। |
| ਤੂ ਸਦਾ ਸਲਾਮਤਿ, ਨਿਰੰਕਾਰ ॥੧੭॥ | | |
| ਅਸੰਖ ਮੂਰਖ, ਅੰਧ ਘੋਰ ॥ | | |
| ਅਸੰਖ ਚੋਰ, ਹਰਾਮਖੋਰ ॥ | | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਅਸੰਖ ਅਮਰ, ਕਰਿ ਜਾਹਿ ਜੋਰ ॥ | ਜਾਹਿਂ, ਜ਼ੋਰ | ੧. "ਜਾਹਿ" ਦਾ ਉਚਾਰਨ ਨਾਸਕੀ ਕਿਉਂਕਿ ਇਸ ਕਿਰਿਆ ਦਾ ਕਰਤਾ ਅਨ-ਪੁਰਖ. ਭਹੁਵਚਨ ਨਾਂਵ ਹੈ।<br>੨. "ਜੋਰ" ਦਾ ਉਚਾਰਨ "ਜ਼ੋਰ" ਕਿਉਂਕਿ ਇਹ ਤਤਸਮ ਸ਼ਬਦ ਦਾ ਮੂਲ ਉਚਾਰਨ ਇਸੇ ਤਰਾਂ ਹੀ ਹੈ। |
| ਅਸੰਖ ਗਲਵਢ, ਹਤਿਆ ਕਮਾਹਿ ॥ | ਕਮਾਹਿਂ | ਉਚਾਰਨ ਨਾਸਕੀ ਕਿਉਂਕਿ ਇਸ ਕਿਰਿਆ ਦਾ ਕਰਤਾ ਅਨ-ਪੁਰਖ. ਭਹੁਵਚਨ ਨਾਂਵ ਹੈ। |
| ਅਸੰਖ ਪਾਪੀ, ਪਾਪੁ ਕਰਿ ਜਾਹਿ ॥ | ਜਾਹਿਂ | ਉਚਾਰਨ ਨਾਸਕੀ ਕਿਉਂਕਿ ਇਸ ਕਿਰਿਆ ਦਾ ਕਰਤਾ ਅਨ-ਪੁਰਖ. ਭਹੁਵਚਨ ਨਾਂਵ ਹੈ। |
| ਅਸੰਖ ਕੂੜਿਆਰ, ਕੂੜੇ ਫਿਰਾਹਿ ॥ | ਫਿਰਾਹਿਂ | ਉਚਾਰਨ ਨਾਸਕੀ ਕਿਉਂਕਿ ਇਸ ਕਿਰਿਆ ਦਾ ਕਰਤਾ ਅਨ-ਪੁਰਖ. ਭਹੁਵਚਨ ਨਾਂਵ ਹੈ। |
| ਅਸੰਖ ਮਲੇਛ, ਮਲੁ ਭਖਿ ਖਾਹਿ ॥ | ਖਾਹਿਂ | ਉਚਾਰਨ ਨਾਸਕੀ ਕਿਉਂਕਿ ਇਸ ਕਿਰਿਆ ਦਾ ਕਰਤਾ ਅਨ-ਪੁਰਖ. ਭਹੁਵਚਨ ਨਾਂਵ ਹੈ। |
| ਅਸੰਖ ਨਿੰਦਕ, ਸਿਰਿ ਕਰਹਿ ਭਾਰੁ ॥ | ਕਰਹਿਂ | ਉਚਾਰਨ ਨਾਸਕੀ ਕਿਉਂਕਿ ਇਸ ਕਿਰਿਆ ਦਾ ਕਰਤਾ ਅਨ-ਪੁਰਖ. ਭਹੁਵਚਨ ਨਾਂਵ ਹੈ। |
| ਨਾਨਕੁ ਨੀਚੁ ਕਹੈ ਵੀਚਾਰੁ ॥ | | ਸਤਿਗੁਰ ਜੀ ਅਤਿ ਨਿਮ੍ਰਤਾ ਵਿਚ ਆਪਣੇ ਆਪ ਨੂੰ "ਨਾਨਕੁ ਨੀਚੁ" ਕਹਿ ਰਹੇ ਹਨ। |
| ਵਾਰਿਆ ਨ ਜਾਵਾ ਏਕ ਵਾਰ ॥ | | ੧. "ਜਾਵਾ" ਦਾ ਉਚਾਰਨ ਨਾਸਕੀ ਨਹੀਂ। ਪੰਕਤੀ ਦਾ ਭਾਵ ਹੈ "ਹੇ ਪਰਮਾਤਮਾ, ਤੇਰਾ ਇਕ ਵਾਰ (ਵਾਲ) ਵੀ ਮੇਰੇ ਤੋਂ ਵਾਰਿਆ (ਕਥਿਆ) ਨਹੀਂ ਜਾ ਸਕਦਾ। "ਵਾਰ" ਦਾ ਔਂਕੜ ਇਸ ਕਰਕੇ ਉਂਡ ਗਿਆ ਹੈ ਕਿਉਂਕਿ ਇਸ ਦੇ ਅੱਗੇ "ਵੀ" ਗੁਪਤ ਹੈ।<br>੨. ਇਸ ਪੰਕਤੀ ਬਾਰੇ ਹੋਰ ਵਿਚਾਰ ਦੀ ਲੋੜ ਹੈ। |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਜੋ ਤੁਧੁ ਭਾਵੈ, ਸਾਈ ਭਲੀ ਕਾਰ ॥ | | ਸਾਈ ਦਾ ਉਚਾਰਨ ਸਾਂਈਂ ਨਹੀਂ ਕਰਨਾ। ਸਾਈ ਦਾ ਅਰਥ ਹੈ "ਉਹੀ" ਜਦਕਿ ਸਾਂਈਂ ਦਾ ਅਰਥ ਹੈ ਮਾਲਕ, ਸਵਾਮੀ, ਪਰਮਾਤਮਾ। ਇਸ ਸਾਰੀ ਪੰਕਤੀ ਦਾ ਅਰਥ ਹੈ - ਜੋ ਤੈਨੂੰ (ਹੇ ਪਰਮਾਤਮਾ) ਚੰਗੀ ਲਗੇ, ਉਹੀ ਕਾਰ (ਕੰਮ) ਭਲੀ ਹੈ। |
| ਤੂ ਸਦਾ ਸਲਾਮਤਿ, ਨਿਰੰਕਾਰ ॥੧੮॥ | | |
| ਅਸੰਖ ਨਾਵ, ਅਸੰਖ ਥਾਵ ॥ | ਨਾਂਵ, ਥਾਂਵ | ਇਹ ਸ਼ਬਦ ਸਦਾ ਹੀ ਇਸ ਤਰ੍ਹਾਂ ਉਚਾਰੇ ਜਾਂਦੇ ਹਨ, ਭਾਵ ਨਾਸਕੀ ਉਚਾਰਨ ਨਾਲ। |
| ਅਗੰਮ ਅਗੰਮ, ਅਸੰਖ ਲੋਅ ॥ | | |
| ਅਸੰਖ ਕਹਹਿ, ਸਿਰਿ ਭਾਰੁ ਹੋਇ ॥ | ਕਹਹਿਂ | ਉਚਾਰਨ ਨਾਸਕੀ ਕਿਉਂਕਿ ਇਸ ਕਿਰਿਆ ਦਾ ਕਰਤਾ ਅਨ-ਪੁਰਖ. ਭਹੁਵਚਨ ਨਾਂਵ ਹੈ। |
| ਅਖਰੀ ਨਾਮੁ, ਅਖਰੀ ਸਾਲਾਹ ॥ | ਅਖਰੀਂ, ਅਖਰੀਂ | ਉਚਾਰਨ ਨਾਸਕੀ ਕਿਉਂਕਿ ਇਹ ਨਾਂਵ ਕਰਣ ਕਾਰਕ ਨਾਂਵ ਹੈ ਤੇ ਬਹੁ ਵਚਨ ਵੀ ਹੈ, ਸੋ ਇਸ ਦੀ ਬਿਹਾਰੀ ਦਾ ਉਚਾਰਨ ਨਾਸਕੀ ਹੈ। |
| ਅਖਰੀ, ਗਿਆਨੁ ਗੀਤ ਗੁਣ ਗਾਹ ॥ | ਅਖਰੀਂ | ਉਚਾਰਨ ਨਾਸਕੀ ਕਿਉਂਕਿ ਇਹ ਨਾਂਵ ਕਰਣ ਕਾਰਕ ਨਾਂਵ ਹੈ ਤੇ ਬਹੁ ਵਚਨ ਵੀ ਹੈ, ਸੋ ਇਸ ਦੀ ਬਿਹਾਰੀ ਦਾ ਉਚਾਰਨ ਨਾਸਕੀ ਹੈ। |
| ਅਖਰੀ, ਲਿਖਣੁ ਬੋਲਣੁ ਬਾਣਿ ॥ | ਅਖਰੀਂ | ਉਚਾਰਨ ਨਾਸਕੀ ਕਿਉਂਕਿ ਇਹ ਨਾਂਵ ਕਰਣ ਕਾਰਕ ਨਾਂਵ ਹੈ ਤੇ ਬਹੁ ਵਚਨ ਵੀ ਹੈ, ਸੋ ਇਸ ਦੀ ਬਿਹਾਰੀ ਦਾ ਉਚਾਰਨ ਨਾਸਕੀ ਹੈ। |
| ਅਖਰਾ ਸਿਰਿ ਸੰਜੋਗੁ ਵਖਾਣਿ ॥ | ਅਖਰਾਂ | ੧. ਉਚਾਰਨ ਨਾਸਕੀ ਕਿਉਂਕਿ ਇਹ ਨਾਂਵ ਕਰਣ ਕਾਰਕ ਨਾਂਵ ਹੈ ਤੇ ਬਹੁ ਵਚਨ ਵੀ ਹੈ, ਸੋ ਇਸ ਦੇ ਕੰਨੇ ਦਾ ਉਚਾਰਨ ਨਾਸਕੀ ਹੈ।<br>੨. ਅਖਰਾਂ ਰਾਹੀਂ ਹੀ ਸਜੋਗੁ (ਤੇ ਵਿਜੋਗੁ ਆਦਿ) ਵਖਾਣਿਆ ਜਾਂਦਾ ਹੈ। |
| ਜਿਨਿ ਏਹਿ ਲਿਖੇ, ਤਿਸੁ ਸਿਰਿ ਨਾਹਿ ॥ | ਨਾਹਿਂ | |

# ਸੰਥਿਆ ਸ੍ਰੀ ਜਪੁ ਜੀ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਜਿਵ ਫੁਰਮਾਏ, ਤਿਵ ਤਿਵ ਪਾਹਿ ॥ | ਪਾਹਿਂ | ਉਚਾਰਨ ਨਾਸਕੀ ਕਿਉਂਕਿ ਇਸ ਕਿਰਿਆ ਦਾ ਕਰਤਾ ਅਨ-ਪੁਰਖ. ਭਹੁਵਚਨ ਨਾਂਵ ਹੈ। |
| ਜੇਤਾ ਕੀਤਾ, ਤੇਤਾ ਨਾਉ ॥ | ਨਾਂਉ | ਇਹ ਸ਼ਬਦ ਸਦਾ ਹੀ ਇਸ ਤਰ੍ਹਾਂ ਉਚਾਰਿਆ ਜਾਂਦਾ ਹੈ - ਭਾਵ ਕੰਨੇ ਦਾ ਉਚਾਰਨ ਨਾਸਕੀ॥ |
| ਵਿਣੁ ਨਾਵੈ, ਨਾਹੀ ਕੋ ਥਾਉ ॥ | ਨਾਂਵੈਂ, ਥਾਂਉਂ | ਇਹ ਸ਼ਬਦ ਸਦਾ ਹੀ ਇਸ ਤਰ੍ਹਾਂ ਉਚਾਰੇ ਜਾਂਦੇ ਹਨ, ਭਾਵ ਨਾਸਕੀ ਉਚਾਰਨ ਨਾਲ। |
| ਕੁਦਰਤਿ ਕਵਣ, ਕਹਾ ਵੀਚਾਰੁ ॥ | ਕਹਾਂ | ਉਤਮ ਪੁਰਖ ਕਿਰਿਆ; ਇਸ ਕਰਕੇ ਉਚਾਰਨ ਨਾਸਕੀ। ਅਰਥ ਹੈ "ਮੇਰੀ ਕੀ ਕੁਦਰਤਿ ਭਾਵ ਤਾਕਤ ਹੈ ਕਿ ਮੈਂ, ਹੇ ਪਰਮਾਤਮਾ, ਤੇਰੇ ਬਾਰੇ ਕੋਈ ਵਿਚਾਰ ਕਹਾਂ"। |
| ਵਾਰਿਆ ਨ ਜਾਵਾ ਏਕ ਵਾਰ ॥ | | ੧. "ਜਾਵਾ" ਦਾ ਉਚਾਰਨ ਨਾਸਕੀ ਨਹੀਂ। ਪੰਕਤੀ ਦਾ ਭਾਵ ਹੈ "ਹੇ ਪਰਮਾਤਮਾ, ਤੇਰਾ ਇਕ ਵਾਰ (ਵਾਲ) ਵੀ ਮੇਰੇ ਤੋਂ ਵਾਰਿਆ (ਕਥਿਆ) ਨਹੀਂ ਜਾ ਸਕਦਾ। "ਵਾਰ" ਦਾ ਔਂਕੜ ਇਸ ਕਰਕੇ ਉਡ ਗਿਆ ਹੈ ਕਿਉਂਕਿ ਇਸ ਦੇ ਅੱਗੇ "ਵੀ" ਗੁਪਤ ਹੈ।<br>੨. ਇਸ ਪੰਕਤੀ ਬਾਰੇ ਹੋਰ ਵਿਚਾਰ ਦੀ ਲੋੜ ਹੈ। |
| ਜੋ ਤੁਧੁ ਭਾਵੈ, ਸਾਈ ਭਲੀ ਕਾਰ ॥ | | ਸਾਈ ਦਾ ਉਚਾਰਨ ਸਾਂਈਂ ਨਹੀਂ ਕਰਨਾ। ਸਾਈ ਦਾ ਅਰਥ ਹੈ "ਉਹੀ" ਜਦਕਿ ਸਾਂਈਂ ਦਾ ਅਰਥ ਹੈ ਮਾਲਕ, ਸਵਾਮੀ, ਪਰਮਾਤਮਾ। ਇਸ ਸਾਰੀ ਪੰਕਤੀ ਦਾ ਅਰਥ ਹੈ - ਜੋ ਤੈਨੂੰ (ਹੇ ਪਰਮਾਤਮਾ) ਚੰਗੀ ਲਗੇ, ਉਹੀ ਕਾਰ (ਕੰਮ) ਭਲੀ ਹੈ। |
| ਤੂ ਸਦਾ ਸਲਾਮਤਿ, ਨਿਰੰਕਾਰ ॥੧੯॥ | | |
| ਭਰੀਐ, ਹਥੁ ਪੈਰੁ ਤਨੁ ਦੇਹ ॥ | | |
| ਪਾਣੀ ਧੋਤੈ, ਉਤਰਸੁ ਖੇਹ ॥ | | |
| ਮੂਤ ਪਲੀਤੀ, ਕਪੜੁ ਹੋਇ ॥ | | |
| ਦੇ ਸਾਬੂਣੁ, ਲਈਐ ਓਹੁ ਧੋਇ ॥ | | |

# ਸੰਥਿਆ ਸ੍ਰੀ ਜਪੁ ਜੀ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਭਰੀਐ ਮਤਿ, ਪਾਪਾ ਕੈ ਸੰਗਿ ॥ | ਪਾਪਾਂ | ਉਚਾਰਨ ਨਾਸਕੀ ਕਿਉਂਕਿ ਇਹ ਨਾਂਵ ਬਹੁ ਵਚਨ ਹੈ ਤੇ ਇਸ ਦੇ ਅੱਗੇ ਸੰਬੰਧਕ "ਕਾ" ਹੈ। |
| ਓਹੁ ਧੋਪੈ, ਨਾਵੈ ਕੈ ਰੰਗਿ ॥ | ਨਾਂਵੈਂ | ਮਨ ਦੀ ਪਾਪਾਂ ਦੀ ਮੈਲ, ਨਾਮ ਦੇ ਰੰਗ ਰਾਹੀਂ ਉਤਰਦੀ ਹੈ। |
| ਪੁੰਨੀ ਪਾਪੀ, ਆਖਣੁ ਨਾਹਿ ॥ | ਨਾਹਿਂ | |
| ਕਰਿ ਕਰਿ ਕਰਣਾ, ਲਿਖਿ ਲੈ ਜਾਹੁ ॥ | | |
| ਆਪੇ ਬੀਜਿ, ਆਪੇ ਹੀ ਖਾਹੁ ॥ | | |
| ਨਾਨਕ, ਹੁਕਮੀ ਆਵਹੁ ਜਾਹੁ ॥੨੦॥ | | |
| ਤੀਰਥੁ, ਤਪੁ, ਦਇਆ, ਦਤੁ ਦਾਨੁ ॥ | | |
| ਜੇ ਕੋ ਪਾਵੈ, ਤਿਲ ਕਾ ਮਾਨੁ ॥ | | |
| ਸੁਣਿਆ, ਮੰਨਿਆ, ਮਨਿ ਕੀਤਾ ਭਾਉ ॥ | | |
| ਅੰਤਰਗਤਿ ਤੀਰਥਿ, ਮਲਿ ਨਾਉ ॥ | | |
| ਸਭਿ ਗੁਣ ਤੇਰੇ, ਮੈ ਨਾਹੀ ਕੋਇ ॥ | | |
| ਵਿਣੁ ਗੁਣ ਕੀਤੇ, ਭਗਤਿ ਨ ਹੋਇ ॥ | | |
| ਸੁਅਸਤਿ ਆਥਿ, ਬਾਣੀ ਬਰਮਾਉ ॥ | ਬਰੱਮਾਉ | |
| ਸਤਿ ਸੁਹਾਣੁ, ਸਦਾ ਮਨਿ ਚਾਉ ॥ | | |
| ਕਵਣੁ ਸੁ ਵੇਲਾ, ਵਖਤੁ ਕਵਣੁ, ਕਵਣ ਥਿਤਿ, ਕਵਣੁ ਵਾਰੁ ॥ | | |
| ਕਵਣਿ ਸਿ ਰੁਤੀ, ਮਾਹੁ ਕਵਣੁ, ਜਿਤੁ ਹੋਆ ਆਕਾਰੁ ॥ | | |
| ਵੇਲ ਨ ਪਾਈਆ ਪੰਡਤੀ, ਜਿ, ਹੋਵੈ ਲੇਖੁ ਪੁਰਾਣੁ ॥ | ਪੰਡਤੀਂ | ਪੰਡਤੀਂ - ਪੰਡਤਾਂ ਨੇ |
| ਵਖਤੁ ਨ ਪਾਇਓ ਕਾਦੀਆ, ਜਿ, ਲਿਖਨਿ ਲੇਖੁ ਕੁਰਾਣੁ ॥ | ਕਾਦੀਆਂ | ਕਾਦੀਆਂ - ਕਾਦੀਆਂ ਨੇ |
| ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ॥ | | |
| ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ ॥ | | |
| ਕਿਵ ਕਰਿ ਆਖਾ, ਕਿਵ ਸਾਲਾਹੀ, ਕਿਉ ਵਰਨੀ, ਕਿਵ ਜਾਣਾ ॥ | ਆਖਾਂ, ਸਾਲਾਹੀਂ, ਵਰਨੀਂ, ਜਾਣਾਂ | ਨਾਸਕੀ ਉਚਾਰਨ ਕਿਉਂਕਿ ਇਹ ਸਭ ਸ਼ਬਦ ਉਤਮ ਪੁਰਖ ਕਿਰਿਆਵਾਚੀ ਸ਼ਬਦ ਹਨ। |
| ਨਾਨਕ, ਆਖਣਿ ਸਭੁ ਕੋ ਆਖੈ, ਇਕ ਦੂ ਇਕੁ ਸਿਆਣਾ ॥ | ਦੂੰ | |
| ਵਡਾ ਸਾਹਿਬੁ, ਵਡੀ ਨਾਈ, ਕੀਤਾ ਜਾ ਕਾ ਹੋਵੈ ॥ | | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਨਾਨਕ, ਜੇ ਕੋ ਆਪੌ ਜਾਣੈ, ਅਗੈ ਗਇਆ, ਨ ਸੋਹੈ ॥੨੧॥ | ਆਪੋਂ | ਭਾਈ ਜੋਗਿੰਦਰ ਸਿੰਘ ਤਲਵਾੜਾ ਜੀ ਮੁਤਾਬਕ, ਪੁਰਾਤਨ ਹੱਥ ਲਿਖਤ ਸਰੂਪਾਂ ਵਿਚ ਪਾਠ ਆਪੋਂ ਹੈ ਤੇ ਛਾਪੇ ਦੀ ਗਲਤੀ ਨਾਲ ਕਨੌੜਾ ਛਪ ਗਿਆ ਹੈ। |
| ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ | ਪਾਤਾਲਾਂ, ਆਗਾਸ਼ਾਂ | 'ਲਖ' ਦੇਹੁਲੀ ਦੀਪਕ ਸ਼ਬਦ ਹੈ। |
| ਓੜਕ ਓੜਕ ਭਾਲਿ ਥਕੇ, ਵੇਦ ਕਹਨਿ ਇਕ ਵਾਤ ॥ | | |
| ਸਹਸ ਅਠਾਰਹ, ਕਹਨਿ ਕਤੇਬਾ, ਅਸੁਲੂ ਇਕੁ ਧਾਤੁ ॥ | ਅਠਾਰਹੰ | ਹਾਹੇ" ਦਾ ਉਚਾਰਨ ਪੂਰਾ ਕੰਨਾ ਵੀ ਨਹੀਂ ਪਰ ਤਕਰੀਬਨ ਕੰਨੇ-ਬਿੰਦੀ ਵਰਗਾ ਹੈ - ਮਤਲਬ ਹੈ "ਅਠਾਰਾਂ"। ਨੋਟ: ਹਾਹਾ ਉਚਾਰਨਾ ਜ਼ਰੂਰ ਹੈ ਪਰ ਹਾਹੇ ਤੇ ਸਿਹਾਰੀ ਨਹੀਂ ਲਾਉਣੀ। |
| ਲੇਖਾ ਹੋਇ, ਤ ਲਿਖੀਐ, ਲੇਖੈ ਹੋਇ ਵਿਣਾਸੁ ॥ | ਵਿਣਾਸ਼ | |
| ਨਾਨਕ, ਵਡਾ ਆਖੀਐ, ਆਪੇ ਜਾਣੈ ਆਪੁ ॥੨੨॥ | | |
| ਸਾਲਾਹੀ ਸਾਲਾਹਿ, ਏਤੀ ਸੁਰਤਿ ਨ ਪਾਈਆ ॥ | ਸਾਲਾਹਿੰ | ੧) ਸਾਲਾਹੀ - ਬਿਹਾਰੀ ਤੇ ਬਿੰਦਾ ਨਹੀਂ ਉਚਾਰਨਾ ਕਿਉਂਕਿ ਇਹ ਕਿਰਿਆ ਨਹੀਂ ਬਲਕਿ ਨਾਂਵ ਹੈ ਤੇ ਇਸ ਦਾ ਮਤਲਬ ਹੈ ਸਾਲਾਹਣਯੋਗ ਵਾਹਿਗੁਰੂ।<br>੨) ਸਾਲਾਹਿ - ਸਿਹਾਰੀ ਤੇ ਬਿੰਦਾ ਉਚਾਰਨਾ ਹੈ ਕਿਉਂਕਿ ਇਸ ਕਿਰਿਆ ਦਾ ਕਰਤਾ ਬਹੁਵਚਨ ਹੈ। |
| ਨਦੀਆ ਅਤੈ ਵਾਹ, ਪਵਹਿ ਸਮੁੰਦਿ, ਨ ਜਾਣੀਅਹਿ ॥ | ਨਦੀਆਂ, ਪਵਹਿੰ, ਜਾਣੀਅਹਿੰ | ੧. "ਨਦੀਆ" - ਨਾਸਕੀ ਉਚਾਰਨ ਕਿਉਂਕਿ ਇਹ ਲਫਜ਼ ਨਦੀ ਦਾ ਬਹੁਵਚਨ ਹੈ।<br>੨. "ਪਵਹਿ" ਅਤੇ "ਜਾਣੀਅਹਿ" ਦੀਆਂ ਸਿਹਾਰੀਆਂ ਤੇ ਬਿੰਦਾ ਉਚਾਰਨਾ ਹੈ ਕਿਉਂਕਿ ਇਸ ਕਿਰਿਆ ਦਾ ਕਰਤਾ ਬਹੁਵਚਨ ਹੈ। |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਸਮੁੰਦ ਸਾਹ ਸੁਲਤਾਨ, ਗਿਰਹਾ ਸੇਤੀ ਮਾਲੁ ਧਨੁ ॥ | ਸ਼ਾਹ, ਗਿਰਹਾਂ | ੧. ਵਿਸ਼ੇਸ਼ ਧੁਨੀ: "ਸਾਹ" ਤਤਸਮ ਲਫਜ਼ ਹੈ ਤੇ ਇਸ ਕਰਕੇ ਇਸਦਾ ਉਚਾਰਨ "ਸ਼ਾਹ" ਹੈ।<br>੨. ਨਾਸਕੀ ਉਚਾਰਨ: ਗਿਰਹਾ ਬਹੁਵਚਨ ਸ਼ਬਦ ਹੈ ਤੇ ਇਸ ਦੇ ਅੱਗੇ ਸੰਬੰਧਕ "ਸੇਤੀ" ਹੈ, ਇਸ ਕਰਕੇ ਇਸ ਦਾ ਉਚਾਰਨ ਹੈ ਗਿਰਹਾਂ |
| ਕੀੜੀ ਤੁਲਿ ਨ ਹੋਵਨੀ, ਜੇ ਤਿਸੁ ਮਨਹੁ ਨ ਵੀਸਰਹਿ ॥੨੩॥ | ਮਨਹੁਂ, ਵੀਸਰਹਿਂ | ੧. ਨਾਸਕੀ ਉਚਾਰਨ: ਮਨਹੁ: ਮਨ ਵਿਚੋਂ - ਹਾਹੇ ਦਾ ਉਚਾਰਨ ਨਾਸਕੀ।<br>੨. ਨਾਸਕੀ ਉਚਾਰਨ: ਵੀਸਰਹਿ: ਹੇ ਵਾਹਿਗੁਰੂ ਜੇ ਤੂੰ ਕੀੜੀ ਨੂੰ ਨਾ ਵਿਸਰੇਂ। ਕਿਰਿਆਵਾਚੀ, ਮਧਮ ਪੁਰਖ ਸ਼ਬਦ। |
| ਅੰਤੁ ਨ ਸਿਫਤੀ, ਕਹਣਿ ਨ ਅੰਤੁ ॥ | | ਸਿਫਤੀ" ਦਾ ਉਚਾਰਨ "ਸਿਫਤੀਂ" ਨਹੀਂ ਹੈ ਕਿਉਂਕਿ ਇਥੇ ਇਸ ਦਾ ਭਾਵ "ਸਿਫਤਾਂ ਦਾ" ਨਹੀਂ ਹੈ ਬਲਕਿ ਸਿਫਤਾਂ ਦੇ ਮਾਲਕ ਵਾਹਿਗੁਰੂ ਦਾ ਹੈ। ਇਥੇ ਸਿਫਤੀ ਅਕਾਲ ਪੁਰਖ ਦਾ ਵਾਚਕ ਸ਼ਬਦ ਹੈ। ਇਸ ਸਾਰੀ ਪਉੜੀ ਵਿਚ "ਸਿਫਤੀ" ਵਾਹਿਗੁਰੂ ਦੇ ਅੰਤ ਦਾ ਵਿਚਾਰ ਹੈ ਨਾ ਕਿ ਉਸ ਦੀਆਂ ਸਿਫਤਾਂ ਦੇ ਅੰਤ ਦਾ। |
| ਅੰਤੁ ਨ ਕਰਣੈ, ਦੇਣਿ ਨ ਅੰਤੁ ॥ | | |
| ਅੰਤੁ ਨ ਵੇਖਣਿ, ਸੁਣਣਿ ਨ ਅੰਤੁ ॥ | | |
| ਅੰਤੁ ਨ ਜਾਪੈ, ਕਿਆ ਮਨਿ ਮੰਤੁ ॥ | | |
| ਅੰਤੁ ਨ ਜਾਪੈ, ਕੀਤਾ ਆਕਾਰੁ ॥ | | |
| ਅੰਤੁ ਨ ਜਾਪੈ, ਪਾਰਾਵਾਰੁ ॥ | | |
| ਅੰਤ ਕਾਰਣਿ, ਕੇਤੇ ਬਿਲਲਾਹਿ ॥ | ਬਿਲਲਾਹਿਂ | ਅਨਪੁਰਖ ਬਹੁਵਚਨ ਕਿਰਿਆ |
| ਤਾ ਕੇ ਅੰਤ, ਨ ਪਾਏ ਜਾਹਿ ॥ | ਜਾਹਿਂ | ਅਨਪੁਰਖ ਬਹੁਵਚਨ ਕਿਰਿਆ |
| ਏਹੁ ਅੰਤੁ, ਨ ਜਾਣੈ ਕੋਇ ॥ | | ਉਹਦਾ ਅੰਤ ਇਹ ਹੈ ਕਿ ਉਹਦਾ ਅੰਤ ਕੋਈ ਨਹੀਂ ਜਾਣ ਸਕਦਾ। |
| ਬਹੁਤਾ ਕਹੀਐ, ਬਹੁਤਾ ਹੋਇ ॥ | | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਵਡਾ ਸਾਹਿਬੁ, ਊਚਾ ਥਾਉ ॥ | ਥਾਂਉਂ | |
| ਊਚੇ ਉਪਰਿ, ਊਚਾ ਨਾਉ ॥ | ਨਾਉਂ | ਉਸਦਾ ਨਾਮ ਉਚੇ ਤੋਂ ਉਚਾ ਹੈ ਭਾਵ ਸਭ ਤੋਂ ਉਚਾ ਹੈ। ਕਈ ਸਜਣ ਇਸ ਪੰਕਤੀ ਦਾ ਅਰਥ ਇਹ ਕਰਦੇ ਹਨ ਕਿ ਉਹਦਾ ਨਾਮ ਉਚੇ ਵਾਹਿਗੁਰੂ ਤੋਂ ਵੀ ਉਚਾ ਹੈ ਜੋ ਕਿ ਠੀਕ ਅਰਥ ਨਹੀਂ ਜਾਪਦਾ ਕਿਉਂਕਿ ਨਾਮੀ ਵਾਹਿਗੁਰੂ ਅਤੇ ਉਸਦਾ ਨਾਮ ਅਭੇਦ ਹਨ। ਇਥੇ ਉਚੇ ਜਾਂ ਛੋਟੇ ਹੋਣ ਦਾ ਸਵਾਲ ਹੀ ਨਹੀਂ ਉਠਦਾ। |
| ਏਵਡੁ ਊਚਾ ਹੋਵੈ ਕੋਇ ॥ | | |
| ਤਿਸੁ ਊਚੇ ਕਉ ਜਾਣੈ ਸੋਇ ॥ | | |
| ਜੇਵਡੁ ਆਪਿ, ਜਾਣੈ ਆਪਿ ਆਪਿ ॥ | | |
| ਨਾਨਕ, ਨਦਰੀ ਕਰਮੀ ਦਾਤਿ ॥੨੪॥ | | ਨਦਰੀ ਵਾਹਿਗੁਰੂ ਦੀ ਦਾਤਿ ਉਹਦੇ ਕਰਮ (ਫਜ਼ਲ, ਕਿਰਪਾ) ਨਾਲ ਮਿਲਦੀ ਹੈ। ਨਦਰੀ ਸ਼ਬਦ ਇਥੇ ਅਕਾਲ ਪੁਰਖ ਦਾ ਵਾਚਕ ਸ਼ਬਦ ਹੈ ਤੇ ਇਸਦਾ ਉਚਾਰਨ ਨਾਸਕੀ ਨਹੀਂ ਹੈ। |
| ਬਹੁਤਾ ਕਰਮੁ, ਲਿਖਿਆ ਨਾ ਜਾਇ ॥ | | |
| ਵਡਾ ਦਾਤਾ, ਤਿਲੁ ਨ ਤਮਾਇ ॥ | | |
| ਕੇਤੇ ਮੰਗਹਿ, ਜੋਧ ਅਪਾਰ ॥ | ਮੰਗਹਿਂ | ਅਨਪੁਰਖ ਬਹੁਵਚਨ ਕਿਰਿਆ |
| ਕੇਤਿਆ, ਗਣਤ ਨਹੀ ਵੀਚਾਰੁ ॥ | | ਕੇਤਿਆ" ਦਾ ਉਚਾਰਨ "ਕੇਤਿਆਂ" ਨਹੀਂ ਹੈ ਕਿਉਂਕਿ ਇਹ ਸ਼ਬਦ 'ਕੇਤੇ' ਦਾ ਕਾਵਿ ਰੂਪ ਹੈ ਅਤੇ ਇਹ ਸ਼ਬਦ ਬਹੁਵਚਨ ਤਾਂ ਹੈ ਪਰ ਇਸ ਦੇ ਅੱਗੇ ਸੰਬੰਧਕੀ ਪਦ ਨਹੀਂ ਹੈ।ਪੰਕਤੀ ਦਾ ਭਾਵ ਹੈ - (ਹੋਰ) ਕੇਤੇ (ਮੰਗਤੇ) ਹਨ, ਜਿਨਾਂ ਦੀ ਗਿਣਤੀ ਬਾਰੇ ਵਿਚਾਰ ਨਹੀਂ (ਹੋ ਸਕਦੀ)। |
| ਕੇਤੇ, ਖਪਿ ਤੁਟਹਿ ਵੇਕਾਰ ॥ | ਤੁਟਹਿਂ | ਅਨਪੁਰਖ ਬਹੁਵਚਨ ਕਿਰਿਆ |
| ਕੇਤੇ, ਲੈ ਲੈ ਮੁਕਰੁ ਪਾਹਿ ॥ | ਪਾਹਿਂ | ਅਨਪੁਰਖ ਬਹੁਵਚਨ ਕਿਰਿਆ |
| ਕੇਤੇ ਮੂਰਖ, ਖਾਹੀ ਖਾਹਿ ॥ | ਖਾਹਿਂ | ਖਾਹੀ" ਦਾ ਉਚਾਰਨ "ਖਾਹੀਂ" ਕਰਨਾ ਠੀਕ  ਨਹੀਂ ਹੈ। |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਕੇਤਿਆ, ਦੂਖ ਭੂਖ ਸਦ ਮਾਰ ॥ | ਕੇਤਿਆਂ | ਇਹ ਸ਼ਬਦ ਬਹੁ-ਵਚਨ ਪੜਨਾਂਵ ਵੀ ਹੈ ਤੇ ਇਸ ਦੇ ਅੱਗੇ ਸੰਬੰਧਕੀ ਪਦ "ਨੂੰ" ਲੁਪਤ ਹੈ; ਇਸ ਕਰਕੇ ਇਸ ਦੇ ਅੰਤਲੇ ਕੰਨੇ ਦਾ ਉਚਾਰਨ ਨਾਸਕੀ ਹੈ। ਪੰਕਤੀ ਦਾ  ਭਾਵ ਹੈ ਕੇਤਿਆਂ (ਕਈਆਂ) ਨੂੰ ਸਦਾ ਦੁਖ, ਭੁਖ ਤੇ ਮਾਰ ਪੈਂਦੀ ਹੈ। ਇਥੇ "ਸਦ" ਦੇਹੁਲੀ ਦੀਪਕ ਹੈ। |
| ਏਹਿ ਭਿ, ਦਾਤਿ ਤੇਰੀ, ਦਾਤਾਰ ॥ | | ਤੇਰੀ" ਦੇ ਅੱਗੇ ਜਮਕੀ (ਛੋਟਾ ਬਿਸ਼ਰਾਮ) ਜ਼ਰੂਰੀ ਹੈ ਕਿਉਂਕਿ "ਦਾਤਾਰ" ਸੰਬੋਧਨ ਕਾਰਕ ਦਾ ਨਾਂਵ ਹੈ। ਸੰਬੋਧਨ ਵਾਲੇ ਨਾਂਵ ਨੂੰ ਹਮੇਸ਼ਾ ਉਚਾਰਨ ਸਮੇਂ ਨਿਖੇੜਿਆ ਜਾਂਦਾ ਹੈ। |
| ਬੰਦਿ ਖਲਾਸੀ, ਭਾਣੈ ਹੋਇ ॥ | | ਬੰਦੀ (ਕੈਦ) ਤੋਂ ਖਲਾਸੀ (ਛੁਟੀ) ਉਸਦੇ ਭਾਣੇ ਵਿਚ ਹੁੰਦੀ ਹੈ। (ਕਿਸੇ ਦਾ ਕੋਈ ਜ਼ੋਰ ਨਹੀਂ) |
| ਹੋਰੁ ਆਖਿ ਨ ਸਕੈ ਕੋਇ ॥ | | |
| ਜੇ ਕੋ ਖਾਇਕੁ, ਆਖਣਿ ਪਾਇ ॥ | | ਖਾਇਕੁ ਦਾ ਅਰਥ ਹੈ ਫਾਲਤੂ ਬੋਲਣ ਵਾਲਾ, ਗੱਪਾਂ ਮਾਰਨਵਾਲਾ ਮੂਰਖ। ਇਸ ਸ਼ਬਦ ਦੀ ਜੜ੍ਹ ਹੈ "ਅਖਾਇਕ" ਭਾਵ ਫਾਲਤੂ ਆਖਣ ਵਾਲਾ। |
| ਓਹੁ ਜਾਣੈ, ਜੇਤੀਆ ਮੁਹਿ ਖਾਇ ॥ | ਜੇਤੀਆਂ | ਜੇਤੀਆਂ ਦਾ ਭਾਵ ਹੈ - ਜਿਨੀਆਂ |
| ਆਪੇ ਜਾਣੈ, ਆਪੇ ਦੇਇ ॥ | | ਇਸ ਪੰਕਤੀ ਦਾ ਭਾਵ ਅਗਲੀ ਪੰਕਤੀ ਨਾਲ ਦੇਖੋ ਜੀ। |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਆਖਹਿ ਸਿ ਭਿ, ਕੇਈ ਕੇਇ ॥ | ਆਖਹਿਂ | ੧. "ਆਖਹਿ" ਅਨਪੁਰਖ ਬਹੁਵਚਨ ਕਿਰਿਆ<br>੨. ਕੇਈ ਕੇਇ ਦਾ ਭਾਵ ਕੋਈ ਕੋਈ ਭਾਵ ਵਿਰਲੇ ਮਨੁਖ।<br>੩. "ਆਖਹਿ ਸਿ ਭਿ" ਦਾ ਭਾਂਵ ਹੈ ਇਹ ਭੀ ਆਖਦੇ ਹਨ। ਕੀ ਆਖਦੇ ਹਨ? "ਆਪੇ ਜਾਣੈ, ਆਪੇ ਦੇਇ॥" ਭਾਵ ਕਈ ਇਹ ਵੀ ਆਖਦੇ ਹਨ ਕਿ ਵਾਹਿਗੁਰੂ ਆਪ ਹੀ ਜਾਣਦਾ ਹੈ ਤੇ ਆਪ ਹੀ (ਲੋੜ ਅਨੁਸਾਰ) ਦੇਂਦਾ ਹੈ। ਯਾਨੀ ਕਿ ਸਾਰੇ ਮੂਰਖ ਹੀ ਨਹੀਂ ਹਨ ਕਈ ਸਿਆਣੇ ਇਹ ਪਛਾਣਦੇ ਹਨ ਕਿ ਪਰਮਾਤਮਾ ਹੀ ਸਭ ਕੁਝ ਜਾਣਦਾ ਹੈ ਤੇ ਕਰਦਾ ਹੈ। |
| ਜਿਸ ਨੋ ਬਖਸੇ ਸਿਫਤਿ ਸਾਲਾਹ ॥ | ਬਖ਼ਸ਼ੇ | ਵਿਸ਼ੇਸ਼ ਧੁਨੀ: ਬਖਸੇ ਦੇ ਸਸੇ ਅਤੇ ਖਖੇ ਦੇ ਪੈਰ ਵਿਚ। |
| ਨਾਨਕ, ਪਾਤਿਸਾਹੀ ਪਾਤਿਸਾਹੁ ॥੨੫॥ | ਪਾਤਿਸ਼ਾਹੀਂ<br>ਪਾਤਿਸ਼ਾਹੁ | ਪਾਤਸਾਹੀ ਪਾਤਿਸਾਹੁ: ਪਾਤਸ਼ਾਹਾਂ ਦਾ ਪਾਤਸ਼ਾਹ |
| ਅਮੁਲ ਗੁਣ, ਅਮੁਲ ਵਾਪਾਰ ॥ | | ਵਾਹਿਗੁਰੂ ਦੇ ਗੁਣ ਅਮੁਲ ਹਨ ਤੇ ਇਹਨਾਂ ਗੁਣਾ ਦੇ ਵਾਪਾਰ ਵੀ ਅਮੁਲ ਹਨ। ਗੁਣਾਂ ਤੋਂ ਭਾਵ ਹੈ ਗੁਰਬਾਣੀ ਵਿਚ ਦਰਜ ਵਾਹਿਗੁਰੂ ਦੇ ਗੁਣ ਤੇ ਵਾਪਾਰ ਤੋਂ ਭਾਵ ਹੈ ਇਹਨਾਂ ਗੁਰਬਾਣੀ ਰੂਪੀ ਗੁਣਾਂ ਨੂੰ ਪਾਠ, ਕੀਰਤਨ ਰਾਹੀਂ ਮਨ ਵਿਚ ਵਸਾਉਣਾ ਤੇ ਇਹਨਾਂ ਗੁਣਾਂ ਰਾਹੀਂ ਵਾਹਿਗੁਰੂ ਦੀ ਸਿਫਤਿ ਸਾਲਾਹ ਕਰਨੀ। |
| ਅਮੁਲ ਵਾਪਾਰੀਏ, ਅਮੁਲ ਭੰਡਾਰ ॥ | | ਗੁਣਾਂ ਦਾ ਵਾਪਾਰ ਕਰਨ ਵਾਲੇ ਗੁਰਮੁਖਿ ਜਨ ਵੀ ਧੰਨ ਹਨ ਤੇ ਇਹ ਭਗਤੀ ਰੂਪੀ ਭੰਡਾਰੇ ਵੀ ਧੰਨ ਹਨ। |
| ਅਮੁਲ ਆਵਹਿ, ਅਮੁਲ ਲੈ ਜਾਹਿ ॥ | ਆਵਹਿਂ, ਜਾਹਿਂ | ੧. ਅਨਪੁਰਖ ਬਹੁਵਚਨ ਕਿਰਿਆ<br>੨. ਜੋ ਇਥੇ ਸੰਸਾਰ ਵਿਚ ਆਣਕੇ ਨਾਮ ਦਾ ਵਾਪਾਰ ਕਰਦੇ ਹਨ ਤੇ ਨਾਮ ਦਾ ਲਾਹਾ ਲੈ ਜਾਂਦੇ ਹਨ, ਉਹ (ਗੁਰਮੁਖਿ ਜਨ) ਅਮੁਲ ਹਨ। |
| ਅਮੁਲ ਭਾਇ, ਅਮੁਲਾ ਸਮਾਹਿ ॥ | ਸਮਾਹਿਂ | ਅਨਪੁਰਖ ਬਹੁਵਚਨ ਕਿਰਿਆ |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
| ਅਮੁਲੁ ਧਰਮੁ, ਅਮੁਲੁ ਦੀਬਾਣੁ ॥ | | |
| ਅਮੁਲੁ ਤੁਲੁ, ਅਮੁਲੁ ਪਰਵਾਣੁ ॥ | | |
| ਅਮੁਲੁ ਬਖਸੀਸ, ਅਮੁਲੁ ਨੀਸਾਣੁ ॥ | ਬਖ਼ਸ਼ੀਸ਼, ਨੀਸ਼ਾਣ | ਵਿਸ਼ੇਸ਼ ਧੁਨੀ: ਬਖਸੀਸ, ਨੀਸਾਣੁ - ਖਖੇ ਤੇ ਸਸੇ ਦੇ ਪੈਰਾਂ ਵਿਚ। |
| ਅਮੁਲੁ ਕਰਮੁ, ਅਮੁਲੁ ਫੁਰਮਾਣੁ ॥ | | |
| ਅਮੁਲੋ ਅਮੁਲੁ, ਆਖਿਆ ਨ ਜਾਇ ॥ | | |
| ਆਖਿ ਆਖਿ ਰਹੇ ਲਿਵ ਲਾਇ ॥ | | "ਰਹੇ" ਦੇਹੁਲੀ ਦੀਪਕ ਹੈ; ਪੰਕਤੀ ਦਾ ਭਾਵ ਹੈ ਕਈ ਆਖ ਆਖ ਕੇ ਰਹਿ ਗਏ ਤੇ ਕਈ ਲਿਵ ਲਾ ਕੇ ਰਹਿ ਗਏ (ਪਰ ਉਹਦਾ ਅੰਤ ਨਹੀਂ ਪਾਇਆ)। ਇਸ ਕਰਕੇ ਪੰਕਤੀ ਵਿਚ ਕੋਈ ਬਿਸ਼ਰਾਮ ਨਹੀਂ ਹੈ। |
| ਆਖਹਿ, ਵੇਦ ਪਾਠ ਪੁਰਾਣ ॥ | ਆਖਹਿਂ | ਅਨਪੁਰਖ ਬਹੁਵਚਨ ਕਿਰਿਆ |
| ਆਖਹਿ, ਪੜੇ ਕਰਹਿ ਵਖਿਆਣ ॥ | ਆਖਹਿਂ, ਕਰਹਿਂ | ਅਨਪੁਰਖ ਬਹੁਵਚਨ ਕਿਰਿਆ |
| ਆਖਹਿ ਬਰਮੇ, ਆਖਹਿ ਇੰਦ ॥ | ਆਖਹਿਂ, ਆਖਹਿਂ | ਅਨਪੁਰਖ ਬਹੁਵਚਨ ਕਿਰਿਆ |
| ਆਖਹਿ, ਗੋਪੀ ਤੈ ਗੋਵਿੰਦ ॥ | ਆਖਹਿਂ | ਅਨਪੁਰਖ ਬਹੁਵਚਨ ਕਿਰਿਆ |
| ਆਖਹਿ ਈਸਰ, ਆਖਹਿ ਸਿਧ ॥ | ਆਖਹਿਂ, ਈਸ਼ਰ, ਆਖਹਿਂ | ੧. ਆਖਹਿ: ਅਨਪੁਰਖ ਬਹੁਵਚਨ ਕਿਰਿਆ<br>੨. ਵਿਸ਼ੇਸ਼ ਧੁਨੀ - ਈਸਰ ਦੇ ਸਸੇ ਪੈਰ। |
| ਆਖਹਿ, ਕੇਤੇ ਕੀਤੇ ਬੁਧ ॥ | ਆਖਹਿਂ | ਅਨਪੁਰਖ ਬਹੁਵਚਨ ਕਿਰਿਆ |
| ਆਖਹਿ ਦਾਨਵ, ਆਖਹਿ ਦੇਵ ॥ | ਆਖਹਿਂ, ਆਖਹਿਂ | ਅਨਪੁਰਖ ਬਹੁਵਚਨ ਕਿਰਿਆ |
| ਆਖਹਿ, ਸੁਰਿ ਨਰ, ਮੁਨਿ ਜਨ ਸੇਵ ॥ | ਆਖਹਿਂ | ਅਨਪੁਰਖ ਬਹੁਵਚਨ ਕਿਰਿਆ |
| ਕੇਤੇ ਆਖਹਿ, ਆਖਣਿ ਪਾਹਿ ॥ | ਆਖਹਿਂ, ਪਾਹਿਂ | ਅਨਪੁਰਖ ਬਹੁਵਚਨ ਕਿਰਿਆ |
| ਕੇਤੇ ਕਹਿ ਕਹਿ, ਉਠਿ ਉਠਿ ਜਾਹਿ ॥ | ਜਾਹਿਂ | ਅਨਪੁਰਖ ਬਹੁਵਚਨ ਕਿਰਿਆ |
| ਏਤੇ ਕੀਤੇ, ਹੋਰਿ ਕਰੇਹਿ ॥ | ਕਰੇਹਿਂ | ਅਨਪੁਰਖ ਬਹੁਵਚਨ ਕਿਰਿਆ |
| ਤਾ ਆਖਿ ਨ ਸਕਹਿ, ਕੇਈ ਕੇਇ ॥ | ਸਕਹਿਂ | ਅਨਪੁਰਖ ਬਹੁਵਚਨ ਕਿਰਿਆ |
| ਜੇਵਡੁ ਭਾਵੈ, ਤੇਵਡੁ ਹੋਇ ॥ | | |
| ਨਾਨਕ, ਜਾਣੈ ਸਾਚਾ ਸੋਇ ॥ | | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਜੇ ਕੋ ਆਖੈ ਬੋਲੁਵਿਗਾੜੁ ॥ | | ਬੋਲੁਵਿਗਾੜੁ ਸਮਾਸੀ ਸ਼ਬਦ ਹੈ ਤੇ ਇਸ ਦਾ ਭਾਵ ਹੈ ਵਿਗਾੜੂਬੋਲ ਭਾਵ ਬੇਕਾਰ ਬੋਲਣ ਵਾਲਾ। |
| ਤਾ ਲਿਖੀਐ, ਸਿਰਿ ਗਾਵਾਰਾ ਗਾਵਾਰੁ ॥੨੬॥ | ਗਾਵਾਰਾਂ | ਗਾਵਾਰਾ ਗਾਵਾਰੁ: ਗਾਵਾਰਾਂ ਦਾ ਗਾਵਾਰ, ਬਹੁਤ ਵੱਡਾ ਗਾਵਾਰ (ਮੂਰਖ)। |
| ਸੋ ਦਰੁ ਕੇਹਾ, ਸੋ ਘਰੁ ਕੇਹਾ, ਜਿਤੁ ਬਹਿ, ਸਰਬ ਸਮਾਲੇ ॥ | ਸਮਾਲੇਂ | ਸਮਾਲੇ: ਤੂੰ ਸਮਾਲਦਾ ਹੈਂ। |
| ਵਾਜੇ ਨਾਦ ਅਨੇਕ ਅਸੰਖਾ, ਕੇਤੇ ਵਾਵਣਹਾਰੇ ॥ | | "ਅਸੰਖਾ" ਦਾ ਉਚਾਰਨ "ਅਸੰਖਾਂ" ਨਹੀਂ ਹੈ। |
| ਕੇਤੇ ਰਾਗ ਪਰੀ ਸਿਉ ਕਹੀਅਨਿ, ਕੇਤੇ ਗਾਵਣਹਾਰੇ ॥ | | |
| ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ, ਗਾਵੈ ਰਾਜਾ ਧਰਮੁ ਦੁਆਰੇ ॥ | ਗਾਵਹਿਂ | ਅਨਪੁਰਖ ਬਹੁਵਚਨ ਕਿਰਿਆ - ਗਾਉਂਦੇ ਹਨ। |
| ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ, ਲਿਖਿ ਲਿਖਿ ਧਰਮੁ ਵੀਚਾਰੇ ॥ | ਗਾਵਹਿਂ, ਜਾਣਹਿਂ | ਅਨਪੁਰਖ ਬਹੁਵਚਨ ਕਿਰਿਆ - ਗਾਉਂਦੇ ਹਨ, ਜਾਣਦੇ ਹਨ। |
| ਗਾਵਹਿ ਈਸਰੁ ਬਰਮਾ ਦੇਵੀ, ਸੋਹਨਿ ਸਦਾ ਸਵਾਰੇ ॥ | ਗਾਵਹਿਂ, ਬਰੱਮਾ | ਅਨਪੁਰਖ ਬਹੁਵਚਨ ਕਿਰਿਆ |
| ਗਾਵਹਿ ਇੰਦ ਇਦਾਸਣਿ ਬੈਠੇ, ਦੇਵਤਿਆ ਦਰਿ ਨਾਲੇ ॥ | ਗਾਵਹਿਂ, ਦੇਵਤਿਆਂ | ੧. ਅਨਪੁਰਖ ਬਹੁਵਚਨ ਕਿਰਿਆ - ਗਾਉਂਦੇ ਹਨ।<br>੨. ਦੇਵਤਿਆਂ - ਦੇਵਤਾ ਦਾ ਬਹੁਵਚਨ। |
| ਗਾਵਹਿ ਸਿਧ ਸਮਾਧੀ ਅੰਦਰਿ, ਗਾਵਨਿ ਸਾਧ ਵਿਚਾਰੇ ॥ | ਗਾਵਹਿਂ | ਅਨਪੁਰਖ ਬਹੁਵਚਨ ਕਿਰਿਆ - ਗਾਉਂਦੇ ਹਨ। |
| ਗਾਵਨਿ ਜਤੀ ਸਤੀ ਸੰਤੋਖੀ, ਗਾਵਹਿ ਵੀਰ ਕਰਾਰੇ ॥ | ਗਾਵਹਿਂ | ਅਨਪੁਰਖ ਬਹੁਵਚਨ ਕਿਰਿਆ - ਗਾਉਂਦੇ ਹਨ। |
| ਗਾਵਨਿ ਪੰਡਿਤ ਪੜਨਿ ਰਖੀਸਰ, ਜੁਗੁ ਜੁਗੁ ਵੇਦਾ ਨਾਲੇ ॥ | ਰਖੀਸ਼ਰ, ਵੇਦਾਂ | ੧. ਰਖੀਸਰ - ਰਿਖੀ-ਈਸ਼ਰ ਭਾਵ ਵੱਡੇ ਰਿਖੀ।<br>੨. ਵੇਦਾਂ - ਵੇਦਾਂ ਸਹਿਤ |
| ਗਾਵਹਿ ਮੋਹਣੀਆ ਮਨੁ ਮੋਹਨਿ, ਸੁਰਗਾ ਮਛ ਪਇਆਲੇ ॥ | ਗਾਵਹਿਂ, ਮੋਹਣੀਆਂ | ਅਨਪੁਰਖ ਬਹੁਵਚਨ ਕਿਰਿਆ - ਗਾਉਂਦੇ ਹਨ। |
| ਗਾਵਨਿ ਰਤਨ ਉਪਾਏ ਤੇਰੇ, ਅਠਸਠਿ ਤੀਰਥ ਨਾਲੇ ॥ | | |
| ਗਾਵਹਿ ਜੋਧ ਮਹਾਬਲ ਸੂਰਾ, ਗਾਵਹਿ ਖਾਣੀ ਚਾਰੇ ॥ | ਗਾਵਹਿਂ, ਗਾਵਹਿਂ | ਅਨਪੁਰਖ ਬਹੁਵਚਨ ਕਿਰਿਆ - ਗਾਉਂਦੇ ਹਨ। |
| ਗਾਵਹਿ ਖੰਡ ਮੰਡਲ ਵਰਭੰਡਾ, ਕਰਿ ਕਰਿ ਰਖੇ ਧਾਰੇ ॥ | ਗਾਵਹਿਂ | ਅਨਪੁਰਖ ਬਹੁਵਚਨ ਕਿਰਿਆ - ਗਾਉਂਦੇ ਹਨ। |
| ਸੇਈ ਤੁਧੁਨੋ ਗਾਵਹਿ, ਜੋ ਤੁਧੁ ਭਾਵਨਿ, ਰਤੇ ਤੇਰੇ ਭਗਤ ਰਸਾਲੇ ॥ | ਗਾਵਹਿਂ | ਅਨਪੁਰਖ ਬਹੁਵਚਨ ਕਿਰਿਆ - ਗਾਉਂਦੇ ਹਨ। |
| ਹੋਰਿ ਕੇਤੇ ਗਾਵਨਿ, ਸੇ ਮੈ ਚਿਤਿ ਨ ਆਵਨਿ, ਨਾਨਕੁ ਕਿਆ ਵੀਚਾਰੇ ॥ | | |
| ਸੋਈ ਸੋਈ ਸਦਾ ਸਚੁ ਸਾਹਿਬੁ, ਸਾਚਾ, ਸਾਚੀ ਨਾਈ ॥ | | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਹੈ ਭੀ ਹੋਸੀ, ਜਾਇ ਨ ਜਾਸੀ, ਰਚਨਾ ਜਿਨਿ ਰਚਾਈ ॥ | | ਹੈ - ਹੁਣ ਵੀ ਹੈ, ਭੀ - ਪਹਿਲਾਂ ਵੀ ਸੀ, ਹੋਸੀ - ਅਗੇ ਨੂੰ ਵੀ ਹੋਵੇਗਾ, ਜਾਇ ਨ ਜਾਸੀ - ਨਾ ਜੰਮਦਾ ਹੈ ਨਾ ਮਰਦਾ ਹੈ। |
| ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ, ਮਾਇਆ ਜਿਨਿ ਉਪਾਈ ॥ | ਭਾਂਤੀਂ, ਜਿਨਸੀਂ | ਉਸਨੇ ਰੰਗ ਰੰਗ ਦੀ ਤੇ ਭਾਂਤਿ ਭਾਂਤਿ ਦੀ ਜਿਨਸੀ ਕਰ ਕਰ ਕੇ, ਮਾਇਆ ਉਪਾਈ ਹੈ। |
| ਕਰਿ ਕਰਿ ਵੇਖੈ ਕੀਤਾ ਆਪਣਾ, ਜਿਵ ਤਿਸ ਦੀ ਵਡਿਆਈ ॥ | | |
| ਜੋ ਤਿਸੁ ਭਾਵੈ ਸੋਈ ਕਰਸੀ, ਹੁਕਮੁ ਨ ਕਰਣਾ ਜਾਈ ॥ | | |
| ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ, ਨਾਨਕ ਰਹਣੁ ਰਜਾਈ ॥੨੭॥ | ਪਾਤਿਸ਼ਾਹੁ, ਸ਼ਾਹਾਂ, ਰਜ਼ਾਈ | ਉਹ ਪਾਤਿਸ਼ਾਹ (ਰਾਜਾ) ਹੈ, ਤੇ ਸ਼ਾਹਾਂ ਪਾਤਿਸ਼ਾਹਾਂ ਦੀ ਭੀ ਸਾਹਿਬ (ਮਾਲਿਕ) ਹੈ; ਤਾਂ ਤੇ ਉਸਦੀ ਰਜ਼ਾ ਵਿਚ ਹੀ ਰਹਿਣਾ ਚਾਹੀਦਾ ਹੈ। |
| ਮੁੰਦਾ ਸੰਤੋਖੁ, ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ ॥ | ਮੁੰਦਾਂ, ਸ਼ਰਮ, ਕਰਹਿਂ | ੧. ਕਰਹਿ: ਅਨਪੁਰਖ ਬਹੁਵਚਨ ਕਿਰਿਆ<br>੨. ਮੁੰਦਾ - ਬਹੁਵਚਨ ਸ਼ਬਦ, ਉਚਾਰਨ ਮੁੰਦਾਂ।<br>੩. ਸ਼ਰਮ: ਭਾਵ ਪ੍ਰੀਸ਼ਰਮ ਭਾਵ ਮਿਹਨਤ, ਉਦਮ, ਸਸੇ ਪੈਰ ਵਿਸ਼ੇਸ਼ ਧੁਨੀ।<br>੪. ਜੋਗੀ ਨੂੰ ਉਪਦੇਸ਼ ਹੈ ਕਿ ਕੰਨੀਂ ਮੁੰਦਾਂ ਸੰਤੋਖ ਧਾਰਨ ਕਰਨ ਦੀਆਂ ਪਾਓ, ਪੱਤਰ ਤੇ ਝੋਲੀ ਧਾਰਨ ਕਰੋ (ਨਾਮ ਜਪਨ ਲਈ) ਉਦਮ ਕਰਕੇ, ਤੇ ਜੋ ਬਿਭੂਤਿ ਸਰੀਰ ਉਪਰ ਲਾਉਂਦੇ ਹੋ, ਇਸ ਦੀ ਥਾਂ ਤੇ (ਨਾਮ ਵਿਚ) ਧਿਆਨ ਕਰਨਾ ਕਰੋ। |
| ਖਿੰਥਾ ਕਾਲੁ, ਕੁਆਰੀ ਕਾਇਆ, ਜੁਗਤਿ ਡੰਡਾ ਪਰਤੀਤਿ ॥ | | ਭਾਵ-ਅਰਥ: ਜੋਗੀ ਨੂੰ ਉਪਦੇਸ਼ ਹੈ ਕਿ ਜੋ ਗੋਦੜੀ ਧਾਰਨ ਕਰਦੇ ਹੋ, ਉਸ ਦੀ ਥਾਂ ਤੇ ਕਾਲ (ਮੌਤ) ਨੂੰ ਯਾਦ ਰੱਖੋ ਤੇ ਸਰੀਰ ਨੂੰ ਬਿਕਾਰਾਂ ਵਲੋਂ ਕੁਆਰਾ ਭਾਵ ਸਾਫ ਰੱਖੋ; ਜੋਗੀ ਦੀ ਜੁਗਤਿ ਤੇ ਜੋ ਡੰਡਾ ਧਾਰਨ ਕਰਦੇ ਹੋ, ਇਸ ਦੀ ਥਾਂ ਤੇ ਪਰਮਾਤਮਾ ਤੇ ਵਿਸ਼ਵਾਸ ਰੱਖੋ। |
| ਆਈ ਪੰਥੀ, ਸਗਲ ਜਮਾਤੀ, ਮਨਿ ਜੀਤੈ ਜਗੁ ਜੀਤੁ ॥ | | |
| ਆਦੇਸੁ ਤਿਸੈ ਆਦੇਸੁ ॥ | | |

# ਸੰਥਿਆ ਸ੍ਰੀ ਜਪੁ ਜੀ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਆਦਿ, ਅਨੀਲੁ, ਅਨਾਦਿ, ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥੨੮॥ | | |
| ਭੁਗਤਿ ਗਿਆਨੁ, ਦਇਆ ਭੰਡਾਰਣਿ, ਘਟਿ ਘਟਿ ਵਾਜਹਿ ਨਾਦ ॥ | ਵਾਜਹਿਂ | ਅਨਪੁਰਖ ਬਹੁਵਚਨ ਕਿਰਿਆ |
| ਆਪਿ ਨਾਥੁ, ਨਾਥੀ ਸਭ ਜਾ ਕੀ, ਰਿਧਿ ਸਿਧਿ ਅਵਰਾ ਸਾਦ ॥ | | |
| ਸੰਜੋਗੁ ਵਿਜੋਗੁ ਦੁਇ, ਕਾਰ ਚਲਾਵਹਿ, ਲੇਖੇ ਆਵਹਿ ਭਾਗ ॥ | ਚਲਾਵਹਿਂ, ਆਵਹਿਂ | ਅਨਪੁਰਖ ਬਹੁਵਚਨ ਕਿਰਿਆ |
| ਆਦੇਸੁ ਤਿਸੈ ਆਦੇਸੁ ॥ | | |
| ਆਦਿ, ਅਨੀਲੁ, ਅਨਾਦਿ, ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥੨੯॥ | | |
| ਏਕਾ ਮਾਈ, ਜੁਗਤਿ ਵਿਆਈ, ਤਿਨਿ ਚੇਲੇ ਪਰਵਾਣੁ ॥ | | |
| ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ ॥ | | |
| ਜਿਵ ਤਿਸੁ ਭਾਵੈ, ਤਿਵੈ ਚਲਾਵੈ, ਜਿਵ ਹੋਵੈ ਫੁਰਮਾਣੁ ॥ | | |
| ਓਹੁ ਵੇਖੈ, ਓਨਾ ਨਦਰਿ ਨ ਆਵੈ, ਬਹੁਤਾ ਏਹੁ ਵਿਡਾਣੁ ॥ | ਓਨਾਂ | ਬਹੁਤਾ ਵਿਡਾਣ (ਬਹੁਤ ਅਸਚਰਜ ਵਾਲੀ ਗੱਲ) ਇਹ ਹੈ ਕਿ, ਪਰਮਾਤਮਾ ਬ੍ਰਹਮਾ, ਬਿਸ਼ਨ ਤੇ ਮਹੇਸ਼ ਨੂੰ ਵਾਚ ਰਿਹਾ ਹੈ ਪਰ ਉਹਨਾਂ ਨੂੰ ਕੋਈ ਖਬਰ ਨਹੀਂ ਕਿ ਪਰਮਾਤਮਾ ਹੈ ਤੇ ਉਹਨਾਂ ਨੂੰ ਵਾਚ ਰਿਹਾ ਹੈ। |
| ਆਦੇਸੁ ਤਿਸੈ ਆਦੇਸੁ ॥ | | |
| ਆਦਿ, ਅਨੀਲੁ, ਅਨਾਦਿ, ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥੩੦॥ | | |
| ਆਸਣੁ ਲੋਇ ਲੋਇ ਭੰਡਾਰ ॥ | | |
| ਜੋ ਕਿਛੁ ਪਾਇਆ, ਸੁ ਏਕਾ ਵਾਰ ॥ | | |
| ਕਰਿ ਕਰਿ ਵੇਖੈ ਸਿਰਜਣਹਾਰੁ ॥ | | |
| ਨਾਨਕ, ਸਚੇ ਕੀ ਸਾਚੀ ਕਾਰ ॥ | | |
| ਆਦੇਸੁ ਤਿਸੈ ਆਦੇਸੁ ॥ | | |
| ਆਦਿ, ਅਨੀਲੁ, ਅਨਾਦਿ, ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥੩੧॥ | | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਇਕ ਦੂ ਜੀਭੌ ਲਖ ਹੋਹਿ, ਲਖ ਹੋਵਹਿ ਲਖ ਵੀਸ ॥ | ਦੂੰ, ਜੀਭੋਂ, ਹੋਹਿੰ, ਹੋਵਹਿੰ, | ੧. ਹੋਹਿ ਤੇ ਹੋਵਹਿ – ਅਨਪੁਰਖ ਬਹੁਵਚਨ ਕਿਰਿਆਵਾਂ<br>੨. "ਜੀਭੌ" ਅਸਲ ਵਿਚ "ਜੀਭੋਂ" ਹੈ। ਭਾਈ ਤਲਵਾੜਾ ਜੀ ਮੁਤਾਬਕ ਪੁਰਾਤਨ ਸਰੂਪਾਂ ਵਿਚ "ਭ" ਨੂੰ ਹੋੜਾ ਤੇ ਬਿੰਦੀ ਸੀ। ਇਹ ਬਿੰਦੀ ਅੰਦਰਲੇ ਪਾਸੇ ਲਗੀ ਹੋਈ ਸੀ ਜਿਸ ਕਰਕੇ ਕਈ ਲਿਖਾਰੀਆਂ ਨੇ ਭੁਲੇਖੇ ਨਾਲ ਕਨੌੜਾ ਸਮਝ ਕੇ ਗਲਤ ਪਾਠ ਲਿਖ ਦਿਤਾ। |
| ਲਖੁ ਲਖੁ ਗੇੜਾ ਆਖੀਅਹਿ, ਏਕੁ ਨਾਮੁ ਜਗਦੀਸ ॥ | ਆਖੀਅਹਿੰ, ਜਗਦੀਸ਼ | |
| ਏਤੁ ਰਾਹਿ ਪਤਿ ਪਵੜੀਆ, ਚੜੀਐ ਹੋਇ ਇਕੀਸ ॥ | ਪਵੜੀਆਂ | |
| ਸੁਣਿ ਗਲਾ ਆਕਾਸ ਕੀ, ਕੀਟਾ ਆਈ ਰੀਸ ॥ | ਗੱਲਾਂ, ਆਕਾਸ਼, ਕੀਟਾਂ | |
| ਨਾਨਕ, ਨਦਰੀ ਪਾਈਐ, ਕੂੜੀ ਕੂੜੈ ਠੀਸ ॥੩੨॥ | | ਇਹ ਅਵਸਥਾ (ਜੋ ਉਪਰ ਦਰਜ ਹੈ, ਪਰਮਾਤਮਾ ਦੀ ਨਦਰਿ ਨਾਲ ਪਾਈ ਜਾਂਦੀ ਹੈ; ਹੋਰ ਸਭ ਝੂਠੇ ਦੀ ਝੂਠੀ ਗੱਪ ਹੀ ਹੈ। |
| ਆਖਣਿ ਜੋਰੁ, ਚੁਪੈ ਨਹ ਜੋਰੁ ॥ | ਜ਼ੋਰ, ਜ਼ੋਰ | |
| ਜੋਰੁ ਨ ਮੰਗਣਿ, ਦੇਣਿ ਨ ਜੋਰੁ ॥ | ਜ਼ੋਰ, ਜ਼ੋਰ | |
| ਜੋਰੁ ਨ ਜੀਵਣਿ, ਮਰਣਿ ਨਹ ਜੋਰੁ ॥ | ਜ਼ੋਰ, ਜ਼ੋਰ | |
| ਜੋਰੁ ਨ, ਰਾਜਿ ਮਾਲਿ, ਮਨਿ ਸੋਰੁ ॥ | ਜ਼ੋਰ, ਸ਼ੋਰ | |
| ਜੋਰੁ ਨ, ਸੁਰਤੀ ਗਿਆਨਿ ਵੀਚਾਰਿ ॥ | ਜ਼ੋਰ | |
| ਜੋਰੁ ਨ, ਜੁਗਤੀ ਛੁਟੈ ਸੰਸਾਰੁ ॥ | ਜ਼ੋਰ | |
| ਜਿਸੁ ਹਥਿ ਜੋਰੁ, ਕਰਿ ਵੇਖੈ ਸੋਇ ॥ | ਜ਼ੋਰ | |
| ਨਾਨਕ, ਉਤਮੁ ਨੀਚੁ ਨ ਕੋਇ ॥੩੩॥ | | |
| ਰਾਤੀ, ਰੁਤੀ, ਥਿਤੀ, ਵਾਰ ॥ | ਰਾਤੀਂ, ਰੁਤੀਂ, ਥਿਤੀਂ | ਇਸ ਪਉੜੀ ਤੋਂ ਪੰਜ ਖੰਡਾਂ ਦੀ ਅਗੰਮ ਤੇ ਬਿਸਮਾਦੀ ਕਥਾ ਸ਼ੁਰੂ ਹੁੰਦੀ ਹੈ। |
| ਪਵਣ, ਪਾਣੀ, ਅਗਨੀ, ਪਾਤਾਲ ॥ | | |
| ਤਿਸੁ ਵਿਚਿ, ਧਰਤੀ ਥਾਪਿ ਰਖੀ ਧਰਮਸਾਲ ॥ | ਧਰਮਸ਼ਾਲ | |

# ਸੰਥਿਆ ਸ੍ਰੀ ਜਪੁ ਜੀ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਤਿਸੁ ਵਿਚਿ, ਜੀਅ ਜੁਗਤਿ ਕੇ ਰੰਗ ॥ | | |
| ਤਿਨ ਕੇ ਨਾਮ ਅਨੇਕ ਅਨੰਤ ॥ | | |
| ਕਰਮੀ ਕਰਮੀ ਹੋਇ ਵੀਚਾਰੁ ॥ | | |
| ਸਚਾ ਆਪਿ, ਸਚਾ ਦਰਬਾਰੁ ॥ | | |
| ਤਿਥੈ ਸੋਹਨਿ ਪੰਚ ਪਰਵਾਣੁ ॥ | | |
| ਨਦਰੀ ਕਰਮਿ, ਪਵੈ ਨੀਸਾਣੁ ॥ | ਨੀਸ਼ਾਣੁ | ਨਦਰੀ (ਵਾਹਿਗੁਰੂ) ਦੇ ਕਰਮ (ਫਜ਼ਲ) ਰਾਹੀਂ (ਕਿਰਪਾ ਦਾ) ਨੀਸ਼ਾਣ ਪਰਗਟ ਹੁੰਦਾ ਹੈ। |
| ਕਚ ਪਕਾਈ, ਓਥੈ ਪਾਇ ॥ | | |
| ਨਾਨਕ, ਗਇਆ ਜਾਪੈ ਜਾਇ ॥੩੪॥ | ਗਇਆਂ | ਉਥੇ ਗਇਆਂ ਹੀ ਸਹੀ ਪਤਾ ਲਗਦਾ ਹੈ (ਕਿ ਕੌਣ ਕੱਚਾ ਹੈ ਤੇ ਕੌਣ ਪੱਕਾ)। |
| ਧਰਮ ਖੰਡ ਕਾ ਏਹੋ ਧਰਮੁ ॥ | | |
| ਗਿਆਨ ਖੰਡ ਕਾ, ਆਖਹੁ ਕਰਮੁ ॥ | | |
| ਕੇਤੇ ਪਵਣ ਪਾਣੀ ਵੈਸੰਤਰ, ਕੇਤੇ ਕਾਨ ਮਹੇਸ ॥ | ਮਹੇਸ਼ | |
| ਕੇਤੇ ਬਰਮੇ ਘਾੜਤਿ ਘੜੀਅਹਿ, ਰੂਪ ਰੰਗ ਕੇ ਵੇਸ ॥ | ਬਰੱਮੇ, ਘੜੀਅਹਿਂ, | |
| ਕੇਤੀਆ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ ॥ | | |
| ਕੇਤੇ ਇੰਦ ਚੰਦ, ਸੂਰ ਕੇਤੇ, ਕੇਤੇ ਮੰਡਲ ਦੇਸ ॥ | | |
| ਕੇਤੇ ਸਿਧ ਬੁਧ, ਨਾਥ ਕੇਤੇ, ਕੇਤੇ ਦੇਵੀ ਵੇਸ ॥ | | |
| ਕੇਤੇ ਦੇਵ ਦਾਨਵ, ਮੁਨਿ ਕੇਤੇ, ਕੇਤੇ ਰਤਨ ਸਮੁੰਦ ॥ | | |
| ਕੇਤੀਆ ਖਾਣੀ, ਕੇਤੀਆ ਬਾਣੀ, ਕੇਤੇ ਪਾਤ ਨਰਿੰਦ ॥ | ਕੇਤੀਆਂ, ਕੇਤੀਆਂ | |
| ਕੇਤੀਆ ਸੁਰਤੀ, ਸੇਵਕ ਕੇਤੇ, ਨਾਨਕ, ਅੰਤੁ ਨ ਅੰਤੁ ॥੩੫॥ | ਕੇਤੀਆਂ, ਸੁਰਤੀਂ | ਬਹੁਵਚਨ ਸ਼ਬਦ |
| ਗਿਆਨ ਖੰਡ ਮਹਿ, ਗਿਆਨੁ ਪਰਚੰਡੁ ॥ | | |
| ਤਿਥੈ, ਨਾਦ ਬਿਨੋਦ ਕੋਡ ਅਨੰਦੁ ॥ | | |
| ਸਰਮ ਖੰਡ ਕੀ ਬਾਣੀ ਰੂਪੁ ॥ | ਸ਼ਰਮ | |
| ਤਿਥੈ, ਘਾੜਤਿ ਘੜੀਐ ਬਹੁਤੁ ਅਨੂਪੁ ॥ | | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਤਾ ਕੀਆ ਗਲਾ, ਕਥੀਆ ਨਾ ਜਾਹਿ ॥ | ਕੀਆਂ, ਗੱਲਾਂ, ਕਥੀਆਂ, ਜਾਹਿੰ | |
| ਜੇ ਕੋ ਕਹੈ, ਪਿਛੈ ਪਛੁਤਾਇ ॥ | | |
| ਤਿਥੈ, ਘੜੀਐ ਸੁਰਤਿ ਮਤਿ ਮਨਿ ਬੁਧਿ ॥ | | |
| ਤਿਥੈ, ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥ | ਸੁਰਾਂ, ਸਿਧਾਂ | |
| ਕਰਮ ਖੰਡ ਕੀ ਬਾਣੀ ਜੋਰੁ ॥ | ਜ਼ੋਰ | |
| ਤਿਥੈ, ਹੋਰੁ ਨ ਕੋਈ ਹੋਰੁ ॥ | | |
| ਤਿਥੈ, ਜੋਧ ਮਹਾਬਲ ਸੂਰ ॥ | | |
| ਤਿਨ ਮਹਿ ਰਾਮੁ ਰਹਿਆ ਭਰਪੂਰ ॥ | | |
| ਤਿਥੈ, ਸੀਤੋ ਸੀਤਾ ਮਹਿਮਾ ਮਾਹਿ ॥ | ਸੀਤਾਂ | ਭਾਈ ਸਾਹਿਬ ਰਣਧੀਰ ਸਿੰਘ ਜੀ ਮੁਤਾਬਕ ਸੀਤਾ ਦਾ ਭਾਵ ਰੂਹਾਂ ਹੈ। |
| ਤਾ ਕੇ ਰੂਪ, ਨ ਕਥਨੇ ਜਾਹਿ ॥ | ਜਾਹਿੰ | ਅਨਪੁਰਖ ਬਹੁਵਚਨ ਕਿਰਿਆ |
| ਨਾ ਓਹਿ ਮਰਹਿ, ਨ ਠਾਗੇ ਜਾਹਿ ॥ | ਮਰਹਿੰ, ਜਾਹਿੰ | ਅਨਪੁਰਖ ਬਹੁਵਚਨ ਕਿਰਿਆ |
| ਜਿਨ ਕੈ, ਰਾਮੁ ਵਸੈ ਮਨ ਮਾਹਿ ॥ | | |
| ਤਿਥੈ, ਭਗਤ ਵਸਹਿ ਕੇ ਲੋਅ ॥ | ਵਸਹਿੰ | ਅਨਪੁਰਖ ਬਹੁਵਚਨ ਕਿਰਿਆ |
| ਕਰਹਿ ਅਨੰਦੁ, ਸਚਾ ਮਨਿ ਸੋਇ ॥ | ਕਰਹਿੰ | ਅਨਪੁਰਖ ਬਹੁਵਚਨ ਕਿਰਿਆ |
| ਸਚ ਖੰਡਿ ਵਸੈ ਨਿਰੰਕਾਰੁ ॥ | | ਸਚ ਖੰਡ ਵਿਖੇ ਨਿਰੰਕਾਰ ਵੱਸਦਾ ਹੈ। ਖੰਡਿ ਦੀ ਸਿਹਾਰੀ "ਵਿਖੇ" ਦਾ ਭਾਵ ਦਿੰਦੀ ਹੈ। ਕੈਸੀ ਅਚਰਜ ਬਾਤ ਹੈ ਕਿ ਉਹ ਨਿਰੰਕਾਰ ਵੀ ਹੈ ਤੇ ਸਚਖੰਡ ਵਿਖੇ ਵੱਸਦਾ ਵੀ ਹੈ। ਨਿਰੰਕਾਰ ਦਾ ਦੇਸ ਵੀ ਨਿਰੰਕਾਰ ਹੀ ਹੋ ਸਕਦਾ ਹੈ। ਨਿਰੰਕਾਰ ਤੋਂ ਭਾਵ ਹੈ ਦੁਨੀਆਵੀ ਆਕਾਰ ਤੋਂ ਰਹਿਤ ਹਸਤੀ। |
| ਕਰਿ ਕਰਿ ਵੇਖੈ ਨਦਰਿ ਨਿਹਾਲ ॥ | | ਨਿਰੰਕਾਰ ਹੁੰਦਾ ਹੋਇਆ ਵੀ ਉਹ ਆਪਣੀ ਆਕਾਰੀ ਸ੍ਰਿਸ਼ਟੀ ਨੂੰ ਵਾਚਦਾ ਹੈ। |
| ਤਿਥੈ, ਖੰਡ ਮੰਡਲ ਵਰਭੰਡ ॥ | | |
| ਜੇ ਕੋ ਕਥੈ, ਤ ਅੰਤ ਨ ਅੰਤ ॥ | | |

# ਸੰਥਿਆ ਸ੍ਰੀ ਜਪੁ ਜੀ ਸਾਹਿਬ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ |
|---|---|---|
| ਤਿਥੈ, ਲੋਅ ਲੋਅ ਆਕਾਰ ॥ | | |
| ਜਿਵ ਜਿਵ ਹੁਕਮੁ, ਤਿਵੈ ਤਿਵ ਕਾਰ ॥ | ਤਿਵੈਂ | |
| ਵੇਖੈ ਵਿਗਸੈ, ਕਰਿ ਵੀਚਾਰੁ ॥ | | |
| ਨਾਨਕ, ਕਥਨਾ ਕਰੜਾ ਸਾਰੁ ॥੩੭॥ | | |
| ਜਤੁ ਪਾਹਾਰਾ, ਧੀਰਜੁ ਸੁਨਿਆਰੁ ॥ | | |
| ਅਹਰਣਿ ਮਤਿ, ਵੇਦੁ ਹਥੀਆਰੁ ॥ | | |
| ਭਉ ਖਲਾ, ਅਗਨਿ ਤਪ ਤਾਉ ॥ | | |
| ਭਾਂਡਾ ਭਾਉ, ਅੰਮ੍ਰਿਤੁ ਤਿਤੁ ਢਾਲਿ ॥ | | |
| ਘੜੀਐ ਸਬਦੁ, ਸਚੀ ਟਕਸਾਲ ॥ | | |
| ਜਿਨ ਕਉ ਨਦਰਿ ਕਰਮੁ, ਤਿਨ ਕਾਰ ॥ | | ਜਿਨਾਂ ਨੂੰ ਨਦਰੇ-ਕਰਮ (ਫਜ਼ਲ ਦੀ ਨਜ਼ਰ) ਹੁੰਦੀ ਹੈ, ਉਹਨਾਂ ਨੂੰ ਹੀ ਸਚੀ ਕਾਰ ਨਸੀਬ ਹੁੰਦੀ ਹੈ। ਬਿਸ਼ਰਾਮ "ਕਰਮੁ" ਤੋਂ ਬਾਅਦ ਜ਼ਰੂਰੀ ਹੈ। |
| ਨਾਨਕ, ਨਦਰੀ ਨਦਰਿ ਨਿਹਾਲ ॥੩੮॥ | | ਨਦਰੀ (ਵਾਹਿਗੁਰੂ) ਦੀ ਨਦਰਿ ਰਾਹੀਂ ਨਿਹਾਲ (ਹੋਈਦਾ ਹੈ)। |
| ਸਲੋਕੁ ॥ | | |
| ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ ॥ | | |
| ਦਿਵਸੁ ਰਾਤਿ ਦੁਇ, ਦਾਈ ਦਾਇਆ, ਖੇਲੈ ਸਗਲ ਜਗਤੁ ॥ | | |
| ਚੰਗਿਆਈਆ ਬੁਰਿਆਈਆ, ਵਾਚੈ ਧਰਮੁ ਹਦੂਰਿ ॥ | ਚੰਗਿਆਈਆਂ ਬੁਰਿਆਈਆਂ | ੧. ਬਹੁਵਚਨ ਸ਼ਬਦ, ਨਾਸਕੀ ਉਚਾਰਨ।<br>੨. "ਹਦੂਰਿ" ਤੋਂ ਭਾਵ ਹੈ ਅਕਾਲ ਪੁਰਖ ਦੀ ਹਜ਼ੂਰੀ। ਧਰਮ ਰਾਇ ਜੀਵਾਂ ਦੇ ਚੰਗੇ ਤੇ ਮਾੜੇ ਕਰਮਾਂ ਦਾ ਨਿਰਣਾ, ਅਕਾਲ ਪੁਰਖ ਦੀ ਹਜ਼ੂਰੀ ਵਿਚ ਕਰਦਾ ਹੈ ਭਾਵ ਅਕਾਲ ਪੁਰਖ ਦੀ ਦੇਖ ਰੇਖ ਵਿਚ। |
| ਕਰਮੀ ਆਪੋ ਆਪਣੀ, ਕੇ ਨੇੜੈ, ਕੇ ਦੂਰਿ ॥ | | |

| ਸੰਥਿਆ ਸ੍ਰੀ ਜਪੁ ਜੀ ਸਾਹਿਬ | | |
|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਬਾਰੇ ਹੋਰ ਜਾਣਕਾਰੀ** |
| ਜਿਨੀ, ਨਾਮੁ ਧਿਆਇਆ, ਗਏ ਮਸਕਤਿ ਘਾਲਿ ॥ | ਮਸ਼ੱਕਤਿ | ਜਿਨਾਂ ਨੇ ਨਾਮ ਧਿਆਇਆ ਹੈ, ਉਹ ਹੀ ਮਸ਼ਕਤਿ ਘਾਲ ਕੇ ਗਏ ਹਨ ਭਾਵ ਸਿਰਫ ਨਾਮ ਜਪਣ ਦੀ ਮਸ਼ਕਤਿ ਹੀ ਮਸ਼ਕਤਿ ਸਮਝੀ ਜਾਂਦੀ ਹੈ ਤੇ ਹੋਰ ਸਭ ਦੁਨੀਆਵੀ ਮੁਸ਼ਕਤਾਂ ਘਾਲੀਆਂ ਹੋਈਆਂ ਅਗੇ ਪਰਵਾਣ ਨਹੀਂ ਪੈਂਦੀਆਂ। ਨਾਮ ਤੋਂ ਹੀਣੇ ਇਥੋਂ ਮਸ਼ਕਤਿ ਘਾਲ ਕੇ ਗਏ ਨਹੀਂ ਸਮਝੇ ਜਾਂਦੇ। |
| ਨਾਨਕ, ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ ॥੧॥ | | ਜਿਨਾਂ ਨੇ ਨਾਮ ਦੀ ਮਸ਼ਕਤਿ ਘਾਲੀ ਹੈ ਉਹਨਾਂ ਦੇ ਮੁਖ ਅਗੇ ਉਜਲੇ ਹੁੰਦੇ ਹਨ ਤੇ ਹੋਰ ਘਣੇਰੀ (ਲੁਕਾਈ) ਉਹਨਾਂ ਨਾਲ ਛੁਟ ਜਾਂਦੀ ਹੈ। |